ਵੀਰਵਾਰ, 29 ਅਕਤੂਬਰ, 2026
13 ਕੱਤਕ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 75
ਅੰਕ/NO. : 149

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 29 OCTOBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12




# ਮਜੀਠੀਆ ਖਿਲਾਫ 40 ਹਜ਼ਾਰ ਸਫਿਆਂ ਦੀ ਚਾਰਜਸ਼ੀਟ



**ਮੁਹਾਲੀ** : ਪੰਜਾਬ ਵਿਜੀਲੈਂਸ ਬਿਊਰੋ ਨੇ ਬੁੱਧਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਵਿਰੁੱਧ ਡਰੱਗ-ਮਨੀ ਮਾਮਲੇ ਵਿੱਚ ਲੱਗਭੱਗ 40,000 ਪੰਨਿਆਂ ਦੀ ਜ਼ਿਮਨੀ ਚਾਰਜਸ਼ੀਟ (ਸਪਲੀਮੈਂਟਰੀ ਦੋਸ਼ ਪੱਤਰ) ਦਾਖਲ ਕੀਤੀ। ਸਰਕਾਰੀ ਬੁਲਾਰੇ ਅਨੁਸਾਰ ਜਾਂਚ ਦੌਰਾਨ ਇਸ ਮਾਮਲੇ ਨਾਲ ਜੁੜੇ ਲੱਗਭੱਗ 736.96 ਕਰੋੜ ਰੁਪਏ ਦੀ ਡਰੱਗ-ਮਨੀ (ਨਸ਼ੇ ਦੀ ਕਮਾਈ) ਦੇ ਲੈਣ-ਦੇਣ ਦਾ ਪਤਾ ਲਗਾਇਆ ਗਿਆ ਹੈ। ਇਸ ਵਿੱਚ 161 ਕਰੋੜ ਰੁਪਏ ਬੇਹਿਸਾਬੀ ਨਕਦ ਜਮ੍ਹਾਂ, 141 ਕਰੋੜ ਰੁਪਏ ਸ਼ੱਕੀ ਵਿਦੇਸ਼ੀ ਇਕਾਈਆਂ ਰਾਹੀਂ ਭੇਜੇ ਗਏ ਅਤੇ 236 ਕਰੋੜ ਰੁਪਏ ਕੰਪਨੀਆਂ ਦੇ ਖਾਤਿਆਂ ਵਿੱਚ ਅਣ-ਐਲਾਨੀ ਰਕਮ ਵਜੋਂ ਸ਼ਾਮਲ ਹਨ। ਇਸ ਤੋਂ ਪਹਿਲਾਂ ਦਾਖਲ ਕੀਤੀ ਗਈ ਪਹਿਲੀ ਚਾਰਜਸ਼ੀਟ ਵਿੱਚ 540 ਕਰੋੜ ਰੁਪਏ ਦੀਆਂ ਸੰਪਤੀਆਂ ਦਾ ਜ਼ਿਕਰ ਕੀਤਾ ਗਿਆ ਸੀ। ਬੁਲਾਰੇ ਨੇ ਅੱਗੇ ਦੱਸਿਆ ਕਿ ਜਾਂਚ ਵਿੱਚ ਮਜੀਠੀਆ ਦੇ ਵਿੱਤੀ ਨੈੱਟਵਰਕ, ਸ਼ਰਾਬ ਕੰਪਨੀਆਂ ਦੇ ਤਬਾਦਲਿਆਂ (ਟਰਾਂਸਫਰਾਂ) ਅਤੇ ਅੰਤਰਰਾਸ਼ਟਰੀ ਤਸਕਰਾਂ ਨਾਲ ਕਥਿਤ ਸੰਬੰਧਾਂ 'ਤੇ ਧਿਆਨ ਕੇਂਦਰਤ ਕੀਤਾ ਗਿਆ ਹੈ। ਕੇਸ ਦੇ ਪੁਰਾਣੇ ਰਿਕਾਰਡਾਂ ਵਿੱਚ ਸਤਪ੍ਰੀਤ ਸਿੰਘ ਉਰਫ 'ਸੱਤਾ' ਅਤੇ ਪਰਮਿੰਦਰ ਸਿੰਘ ਉਰਫ 'ਪਿੰਦੀ' ਨਾਲ ਉਸ ਦੇ ਸੰਬੰਧਾਂ 'ਤੇ ਵੀ ਸਵਾਲ ਖੜ੍ਹੇ ਕੀਤੇ ਗਏ ਸਨ, ਜਿਸ ਵਿੱਚ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੂੰ ਆਪਣੀ ਗੱਡੀ ਵਿੱਚ ਲੈ ਕੇ ਜਾਣ ਦੇ ਦਾਅਵੇ ਵੀ ਸ਼ਾਮਲ ਹਨ। ਸਰਕਾਰੀ ਬੁਲਾਰੇ ਨੇ ਕਿਹਾ ਕਿ ਜਾਂਚ ਵਿੱਚ ਮਜੀਠੀਆ ਨਾਲ ਜੁੜੀਆਂ ਕੰਪਨੀਆਂ ਦੇ ਵਿੱਤੀ ਲੈਣ-ਦੇਣ ਦੀ ਵੀ ਜਾਂਚ ਕੀਤੀ ਗਈ ਹੈ, ਜਿਸ ਵਿੱਚ 'ਸਰਾਇਆ ਇੰਡਸਟਰੀਜ਼' ਪ੍ਰਮੁੱਖ ਤੌਰ 'ਤੇ ਸਾਹਮਣੇ ਆਈ ਹੈ। ਜਾਂਚ ਦੌਰਾਨ ਸ਼ਰਾਬ ਕੰਪਨੀਆਂ, ਸ਼ੱਕੀ ਵਿਦੇਸ਼ੀ ਇਕਾਈਆਂ ਅਤੇ ਅਕਾਲੀ ਆਗੂ ਨਾਲ ਜੁੜੇ ਵਪਾਰਕ ਸਹਿਯੋਗੀਆਂ ਦੇ ਲੈਣ-ਦੇਣ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

## ਜਵਾਨੀ ਸੰਤਾਪ ਹੰਢਾ ਰਹੀ ਸੀ, ਮਜੀਠੀਆ ਦੀ ਜਾਇਦਾਦ ਵਧ ਰਹੀ ਸੀ : ਬਲਤੇਜ ਪੰਨੂ



**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ)** : ਆਮ ਆਦਮੀ ਪਾਰਟੀ ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅਕਾਲੀ ਦਲ (ਬਾਦਲ) ਦੇ ਆਗੂ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਅਦਾਲਤ ਵਿੱਚ ਪੇਸ਼ ਕੀਤੇ ਗਏ 40,000 ਪੰਨਿਆਂ ਦੇ ਚਲਾਨ 'ਤੇ ਤਿੱਖਾ ਹਮਲਾ ਬੋਲਦਿਆਂ ਇਸ ਨੂੰ ਭ੍ਰਿਸ਼ਟਾਚਾਰ ਅਤੇ ਨਸ਼ਾ ਮਾਫ਼ੀਆ ਖ਼ਿਲਾਫ਼ ਮਾਨ ਸਰਕਾਰ ਦੀ ਇਤਿਹਾਸਕ ਕਾਰਵਾਈ ਕਰਾਰ ਦਿੱਤਾ ਹੈ। ਬੁੱਧਵਾਰ ਇੱਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਵਿਜੀਲੈਂਸ ਜਾਂਚ ਦੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਮਜੀਠੀਆ ਦੀ ਜਾਇਦਾਦ ਵਿੱਚ ਬੇਮਿਸਾਲ ਅਤੇ ਸ਼ੱਕੀ ਵਾਧਾ ਦਰਜ ਕੀਤਾ ਗਿਆ ਹੈ। ਸ਼ੁਰੂਆਤੀ ਜਾਂਚ ਵਿੱਚ 40.78 ਕਰੋੜ ਰੁਪਏ ਦੀ ਜਾਇਦਾਦ ਵਿੱਚ 1200.13 ਫੀਸਦੀ ਦਾ ਉਛਾਲ ਪਾਇਆ ਗਿਆ ਸੀ, ਉੱਥੇ ਹੀ 10.3 ਕਰੋੜ ਰੁਪਏ ਦੇ ਸ਼ੁਰੂਆਤੀ ਡੀ ਏ ਅੰਕੜੇ ਤੋਂ ਵਧਦਿਆਂ-ਵਧਦਿਆਂ ਬੇਨਾਮੀ ਜਾਇਦਾਦਾਂ ਦੀ ਕੀਮਤ 50.81 ਕਰੋੜ ਰੁਪਏ ਅਤੇ ਅੰਤ ਵਿੱਚ 1495.37 ਫੀਸਦੀ ਦੇ ਵਾਧੇ ਨਾਲ 719.72 ਕਰੋੜ ਰੁਪਏ ਤੱਕ ਜਾ ਪਹੁੰਚੀ। ਪੰਨੂ ਨੇ ਕਿਹਾ ਕਿ 2007 ਤੋਂ 2017 ਦਾ ਇਹ ਉਹੀ ਕਾਲਾ ਦੌਰ ਸੀ, ਜਦੋਂ ਪੰਜਾਬ ਵਿੱਚ 'ਚਿੱਟੇ' ਨੇ ਦਸਤਕ ਦਿੱਤੀ ਅਤੇ ਫੈਲ ਕੇ ਸਾਡੀ ਪੂਰੀ ਪੀੜ੍ਹੀ ਨੂੰ ਤਬਾਹ ਕਰ ਦਿੱਤਾ। ਇੱਕ ਪਾਸੇ ਪੰਜਾਬ ਦਾ ਆਮ ਨਾਗਰਿਕ ਦਿਨ-ਰਾਤ ਪਸੀਨਾ ਬਹਾ ਕੇ ਆਪਣੇ ਪਰਵਾਰ ਦਾ ਖ਼ਰਚਾ ਮਸਾਂ ਚਲਾਉਂਦਾ ਹੈ, ਉੱਥੇ ਦੂਜੇ ਪਾਸੇ ਮਜੀਠੀਆ ਨੇ ਪੰਜਾਬ ਦੇ ਨੌਜਵਾਨਾਂ ਦੀਆਂ ਮੌਤਾਂ ਅਤੇ ਵਿਲ੍ਹਕਦੇ ਮਾਪਿਆਂ ਦੇ ਅੱਥਰੂਆਂ ਦੀ ਕੀਮਤ 'ਤੇ 719 ਕਰੋੜ ਰੁਪਏ ਤੋਂ ਵੱਧ ਦੇ ਨੋਟਾਂ ਦੇ ਪਹਾੜ ਖੜ੍ਹੇ ਕਰ ਲਏ। ਉਹਨਾ ਕਿਹਾ ਕਿ ਵਿਜੀਲੈਂਸ ਦੇ ਚਲਾਨ ਵਿੱਚ ਕਾਲੇ ਧਨ ਨੂੰ ਚਿੱਟਾ ਕਰਨ ਲਈ 'ਇਸ ਦੀ ਟੋਪੀ ਉਸ ਦੇ ਸਿਰ' ਦੀ ਤਰਜ਼ 'ਤੇ ਬਣਾਈਆਂ ਗਈਆਂ ਫ਼ਰਜ਼ੀ (ਸ਼ੈੱਲ) ਕੰਪਨੀਆਂ ਦੇ ਪੂਰੇ ਮਕੜਜਾਲ ਨੂੰ ਬੇਨਕਾਬ ਕੀਤਾ ਗਿਆ ਹੈ। ਪੰਥ ਅਤੇ ਧਰਮ ਦੇ ਨਾਂਅ 'ਤੇ ਰਾਜਨੀਤੀ ਕਰਨ ਵਾਲੇ ਇਹਨਾਂ ਨੇਤਾਵਾਂ ਦੇ ਅਸਲ ਧੰਦੇ ਸ਼ਰਾਬ ਅਤੇ ਗ਼ੈਰ-ਕਾਨੂੰਨੀ ਟ੍ਰਾਂਸਪੋਰਟ ਸਿੰਡੀਕੇਟ ਨਾਲ ਜੁੜੇ ਹੋਏ ਸਨ। ਇਸ ਵਿੱਚ ਸਰਾਈਆ ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ, ਪੈਰੇਗ੍ਰਿਨ ਸਰਲੋਆ ਆਰਗੈਨਿਕ ਪ੍ਰਾਈਵੇਟ ਲਿਮਟਿਡ, ਐੱਸ.ਡੀ. ਬੇਵਰੇਜਿਜ਼ ਪ੍ਰਾਈਵੇਟ ਲਿਮਟਿਡ, ਪਟਿਆਲਾ ਵਿੱਚ ਰਜਿਸਟਰਡ ਏ ਟੂ ਜ਼ੈੱਡ ਟ੍ਰਾਂਸਪੋਰਟ, ਅਮਰਦੀਪ ਸਿੰਘ ਹੁੰਦਲ ਦੀ ਏ ਡੀ. ਐਂਟਰਪ੍ਰਾਈਜ਼ਿਜ਼, ਹਰਪ੍ਰੀਤ ਸਿੰਘ ਗੁਲਾਟੀ ਐੱਚ ਯੂ ਵੀ (ਯੂਨਾਈਟਿਡ ਵਾਈਨਜ਼), ਆਕਾਸ਼ ਐਂਟਰਪ੍ਰਾਈਜ਼ਿਜ਼, ਯੂ ਡਬਲਿਊ ਐਂਟਰਪ੍ਰਾਈਜਿਜ਼ ਪ੍ਰਾਈਵੇਟ ਲਿਮਟਿਡ, ਏਡੀ ਐਂਟਰਪ੍ਰਾਈਜ਼ਿਜ਼ ਪ੍ਰਾਈਵੇਟ ਲਿਮਟਿਡ, ਆਕਾਸ਼ ਸਪਿਰਿਟਸ ਪ੍ਰਾਈਵੇਟ ਲਿਮਟਿਡ ਅਤੇ ਨਵਾਂਸ਼ਹਿਰ ਪਾਵਰ ਪ੍ਰਾਈਵੇਟ ਲਿਮਟਿਡ (ਐੱਨ ਪੀ ਪੀ ਐੱਲ) ਵਰਗੀਆਂ ਸ਼ੈੱਲ ਕੰਪਨੀਆਂ ਸ਼ਾਮਲ ਹਨ, ਜਿਨ੍ਹਾਂ ਰਾਹੀਂ ਅਰਬਾਂ ਰੁਪਏ ਦੀ ਹੇਰਾਫੇਰੀ ਕੀਤੀ ਗਈ। ਪੰਨੂ ਨੇ ਦੱਸਿਆ ਕਿ ਇਸ • ਬਾਕੀ ਸਫਾ 2 'ਤੇ

# ਕਿਰਤ ਸ਼ਕਤੀ ਸਭ ਤੋਂ ਤਾਕਤਵਰ, ਕਿਰਤੀਆਂ ਦੀ ਜਿੱਤ ਅਟੱਲ : ਵਿਦਿਆ ਸਾਗਰ ਗਿਰੀ

## ਕਿਰਤੀ ਲੋਕਾਂ ਦਾ ਢਿੱਡ ਭਰਨ ਦੇ ਨਾਲ ਸੱਭਿਆਚਾਰ ਵੀ ਸਿਰਜਦੇ : ਡਾ. ਸਿਰਸਾ

**ਚੰਡੀਗੜ੍ਹ (ਗਿਆਨ ਸੈਦਪੁਰੀ)** : "ਕਿਰਤ ਸ਼ਕਤੀ ਸਭ ਤੋਂ ਤਾਕਤਵਰ ਹੈ, ਇਸ ਅੱਗੇ ਹੋਰ ਸਾਰੀਆਂ ਤਾਕਤਾਂ ਆਤਮ ਸਮਰਪਣ ਕਰ ਜਾਂਦੀਆਂ ਹਨ। ਪੰਜਾਬ ਦੀ ਧਰਤੀ 'ਪਗੜੀ ਸੰਭਾਲ ਜੱਟਾ' ਤੇ ਗਦਰੀ ਬਾਬਿਆਂ ਦੇ ਮਹਾਨ ਅੰਦੋਲਨ ਦੀ ਗਵਾਹ ਹੈ। ਅੰਦੋਲਨਾਂ ਦੀ ਧਰਤੀ ਉੱਤੇ ਕਿਰਤੀ ਵਰਗ ਦੀ ਜਿੱਤ ਅਟੱਲ ਹੈ।" ਮੁਕਤ ਵਿਚਾਰਾਂ ਦਾ ਪ੍ਰਗਟਾਵਾ ਏਟਕ ਦੇ ਕੌਮੀ ਮੀਤ ਪ੍ਰਧਾਨ ਵਿੱਦਿਆ ਸਾਗਰ ਗਿਰੀ ਨੇ ਕੀਤਾ। ਉਹ ਇੱਥੋਂ ਦੇ ਕਨਵੈਨਸ਼ਨ ਸੈਂਟਰ ਵਿਖੇ 28 ਅਤੇ 29 ਅਕਤੂਬਰ ਨੂੰ ਹੋ ਰਹੀ ਪੰਜਾਬ ਸਟੇਟ ਕਮੇਟੀ ਏਟਕ ਦੀ 21ਵੀਂ ਸੂਬਾ ਕਾਨਫਰੰਸ ਦਾ ਉਦਘਾਟਨ ਕਰਨ ਮੌਕੇ ਡੈਲੀਗੇਟਾਂ ਨੂੰ ਸੰਬੋਧਨ ਕਰ ਰਹੇ ਸਨ। ਉਹਨਾ ਕਿਹਾ ਕਿ ਅੱਜ ਜਿੱਥੇ ਪੂੰਜੀਵਾਦ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ, ਉੱਥੇ ਕਿਰਤੀ ਵਰਗ ਅੱਗੇ ਵੱਡੀਆਂ ਚੁਣੌਤੀਆਂ ਹਨ। ਅੱਜ ਤਕਨੀਕ ਦਾ ਮਾਲਕ ਦੁਨੀਆ 'ਤੇ ਕਾਬਜ਼ ਹੈ। ਮਸ਼ੀਨ ਮਜ਼ਦੂਰ ਨੂੰ ਵਿਹਲਾ ਕਰ ਰਹੀ ਹੈ। ਜਦੋਂ ਪੂੰਜੀਪਤੀ ਮਜ਼ਦੂਰ ਨੂੰ ਰੋਜ਼ਗਾਰ ਦੇਣ ਦੀ ਗੱਲ ਕਰਦਾ ਹੈ, ਤਾਂ ਉਹ ਛਲਾਵਾ ਕਰ ਰਿਹਾ ਹੁੰਦਾ ਹੈ। ਇਹਨਾਂ ਚੁਣੌਤੀਆਂ ਭਰਪੂਰ ਸਮਿਆਂ ਅੰਦਰ ਵਿਚਾਰਕ ਤੇ ਆਰਥਿਕ ਖੇਤਰ ਵਿੱਚ ਮਜ਼ਦੂਰ ਵਰਗ ਨੂੰ ਚੇਤਨ ਹੋਣਾ ਪਵੇਗਾ। ਮਜ਼ਦੂਰ ਜਥੇਬੰਦੀਆਂ ਦੀ ਹੋਂਦ ਦਾ ਮਸਲਾ ਹੈ। ਕਿਸੇ ਕਿਸਮ ਦੀ ਨਿਰਾਸ਼ਤਾ ਦੀ ਲੋੜ ਨਹੀਂ ਹੈ, ਇਹ ਸਭ ਮਜ਼ਦੂਰ ਮੋਢਿਆਂ ਨੇ ਹੀ ਹੱਲ ਕਰਨਾ ਹੈ। ਅਜਿਹੇ ਸਮੇਂ ਵਰਗ ਦ੍ਰਿਸ਼ਟੀਕੋਣ ਦੀ ਵੱਡੀ ਲੋੜ ਹੈ। ਇਸ ਦ੍ਰਿਸ਼ਟੀਕੋਣ ਨਾਲ ਹੀ ਦੋਸਤ ਤੇ ਦੁਸ਼ਮਣ ਦੀ ਪਛਾਣ ਹੋ ਸਕਦੀ ਹੈ। ਗਿਰੀ ਨੇ ਰਮਾਇਣ ਦੇ ਹਵਾਲੇ ਨਾਲ ਕਿਹਾ ਕਿ ਹਨੂੰਮਾਨ ਬੜਾ ਸ਼ਕਤੀਸ਼ਾਲੀ ਸੀ, ਪਰ ਉਸ • ਬਾਕੀ ਸਫਾ 2 'ਤੇ







## ਦੀਵਾਲੀ ਵਿਸ਼ੇਸ਼ ਸਪਲੀਮੈਂਟ


ਰਮਨ ਚੱਢਾ
ਚੋਹਲਾ ਸਾਹਿਬ
98722-26721


ਸੁਖਵਿੰਦਰ ਸਫਰੀ
ਟੂਟੋਮਜਾਰਾ
99158-16713


ਰਮੇਸ਼ ਕਟਾਰੀਆ
ਰਾਜਪੁਰਾ
99880-13675


ਐਡਵੋਕੇਟ ਸਤੀਸ਼ ਕੁਮਾਰ ਭੀਰੀ (ਜੈਤੋ)
94176-12036


ਹਰਬਿੰਦਰ ਸਿੰਘ ਰਾਣਾ
ਵੇਰਕਾ (ਅੰਮ੍ਰਿਤਸਰ)
98881-45991


ਗੁਰਪ੍ਰੀਤ ਭੋਗਲ
ਭੋਗਪੁਰ
94636-82748


ਨਛੱਤਰ ਸੰਧੂ
ਹਠੂਰ
98151-18229

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ


ਤਰਸੇਮ ਸਿੰਘ ਸਾਧਪੁਰ
ਤਰਸਿੱਕਾ
99882-03163

ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ। -ਜਨਰਲ ਮੈਨੇਜਰ

# ਪੁਰੀ ਦੀ ਵਜ਼ੀਰੀ ਬਰਕਰਾਰ



**ਨਵੀਂ ਦਿੱਲੀ** : ਭਾਜਪਾ ਨੇ ਬੁੱਧਵਾਰ ਕੇਂਦਰੀ ਤੇਲ ਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਮੱਧ ਪ੍ਰਦੇਸ਼ ਤੋਂ ਰਾਜ ਸਭਾ ਸੀਟ ਲਈ ਨਾਮਜ਼ਦ ਕਰਕੇ ਉਨ੍ਹਾ ਦੇ ਭਵਿੱਖ ਬਾਰੇ ਕਿਆਸਅਰਾਈਆਂ ਨੂੰ ਖਤਮ ਕਰ ਦਿੱਤਾ। ਕੇਂਦਰੀ ਮੰਤਰੀ ਐਲ ਮੁਰੂਗਨ ਦੇ ਅਸਤੀਫੇ ਤੋਂ ਬਾਅਦ ਇਹ ਸੀਟ ਖਾਲੀ ਹੋ ਗਈ ਸੀ। 74 ਸਾਲਾ ਪੁਰੀ ਹੁਣ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਕੈਬਨਿਟ ਵਿੱਚ ਬਣੇ ਰਹਿਣਗੇ, ਜਦੋਂ ਕਿ ਭਾਜਪਾ ਨੇ ਮੰਤਰੀ ਮੰਡਲ ਦਾ ਇਕਲੌਤਾ ਸਿੱਖ ਚਿਹਰਾ ਬਰਕਰਾਰ ਰੱਖਿਆ ਹੈ। ਪੁਰੀ ਦੇ ਭਵਿੱਖ 'ਤੇ ਸਵਾਲ ਉੱਠ ਗਏ ਸਨ, ਕਿਉਂਕਿ ਭਾਜਪਾ ਨੇ ਹਾਲ ਹੀ ਵਿੱਚ ਦੋ-ਸਾਲਾ ਰਾਜ ਸਭਾ ਚੋਣਾਂ ਵਿੱਚ ਯੂ ਪੀ ਤੋਂ ਉਨ੍ਹਾ ਨੂੰ ਦੁਬਾਰਾ ਨਾਮਜ਼ਦਗੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

## ਸੋਮਵਾਰ ਤੋਂ ਸਕੂਲਾਂ ਦਾ ਸਮਾਂ ਬਦਲ ਜਾਵੇਗਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ)** : ਪੰਜਾਬ ਸਰਕਾਰ ਨੇ ਸਾਰੇ ਸਰਕਾਰੀ, ਨਿੱਜੀ, ਸਹਾਇਤਾ ਪ੍ਰਾਪਤ ਅਤੇ ਮਾਨਤਾ ਪ੍ਰਾਪਤ ਸਕੂਲਾਂ ਦਾ ਸਮਾਂ 2 ਨਵੰਬਰ ਤੋਂ ਬਦਲਣ ਦੇ ਹੁਕਮ ਦਿੱਤੇ ਹਨ। ਪ੍ਰਾਇਮਰੀ ਸਕੂਲ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਲੱਗਣਗੇ, ਜਦਕਿ ਮਿਡਲ ਤੋਂ ਸੀਨੀਅਰ ਸੈਕੰਡਰੀ ਸਕੂਲ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 3:20 ਵਜੇ ਤੱਕ ਖੁੱਲ੍ਹਣਗੇ।

# ਚੰਡੀਗੜ੍ਹ ਯੂਨੀਵਰਸਿਟੀ 'ਚ ਵਿਦਿਆਰਥੀ ਭੜਕੇ

**ਮੁਹਾਲੀ** : ਘੜੂੰਆਂ ਸਥਿਤ ਚੰਡੀਗੜ੍ਹ ਯੂਨੀਵਰਸਿਟੀ ਕੈਂਪਸ ਵਿੱਚ ਮੰਗਲਵਾਰ ਰਾਤ ਲੱਗਭੱਗ 12 ਵਜੇ ਇੱਕ ਹੋਸਟਲ ਵਿੱਚ ਚਾਕੂਬਾਜ਼ੀ ਦੀ ਘਟਨਾ ਅਤੇ ਕੈਂਪਸ ਦੇ ਢਿੱਲੇ ਸੁਰੱਖਿਆ ਪ੍ਰਬੰਧਾਂ ਖਿਲਾਫ ਵਿਦਿਆਰਥੀਆਂ ਦਾ ਰੋਸ ਭੜਕ ਉੱਠਿਆ। ਚਾਕੂ ਦੇ ਹਮਲੇ ਵਿੱਚ ਇੱਕ ਵਿਦਿਆਰਥੀ ਦੇ ਜ਼ਖ਼ਮੀ ਹੋਣ ਦੀ ਖਬਰ ਹੈ। ਵਿਦਿਆਰਥੀਆਂ ਵੱਲੋਂ ਯੂਨੀਵਰਸਿਟੀ ਪ੍ਰਸ਼ਾਸਨ ਖਿਲਾਫ ਨਾਅਰੇਬਾਜ਼ੀ ਕਰਨ ਅਤੇ ਵੱਡੀ ਗਿਣਤੀ ਵਿੱਚ ਇਕੱਠੇ ਹੋਣ 'ਤੇ ਭੀੜ ਨੂੰ ਕਾਬੂ ਕਰਨ ਲਈ ਪੁਲਸ ਮੁਲਾਜ਼ਮ ਤੁਰੰਤ ਮੌਕੇ 'ਤੇ ਪਹੁੰਚ ਗਏ। ਅਧਿਕਾਰੀਆਂ ਨੇ ਦੱਸਿਆ ਕਿ ਜ਼ਖਮੀ ਵਿਦਿਆਰਥੀ ਦੀ ਹਾਲਤ ਸਥਿਰ ਹੈ ਅਤੇ ਉਸ ਨੂੰ ਸਬ ਡਵੀਜ਼ਨਲ ਹਸਪਤਾਲ ਖਰੜ ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲਸ ਨੇ ਕਿਹਾ ਕਿ ਦੋ ਰੂਮਮੇਟਾਂ ਵਿਚਕਾਰ ਪੱਖਾ ਚਾਲੂ ਕਰਨ ਨੂੰ ਲੈ ਕੇ ਹੋਇਆ ਮਤਭੇਦ ਬਹਿਸ ਅਤੇ ਇੱਕ-ਦੂਜੇ 'ਤੇ ਹਮਲੇ ਵਿੱਚ ਬਦਲ ਗਿਆ। ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## 31 ਨੂੰ ਮਾਨ ਤੋਂ ਨਵੀਂ ਆਸ

**ਚੰਡੀਗੜ੍ਹ. (ਗੁਰਜੀਤ ਬਿੱਲਾ)** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 31 ਅਕਤੂਬਰ ਨੂੰ ਪੰਜਾਬ ਮੰਤਰੀ ਮੰਡਲ ਦੀ ਆਪਣੀ ਸਰਕਾਰੀ ਰਿਹਾਇਸ਼ 'ਤੇ ਮੀਟਿੰਗ ਸੱਦ ਲਈ ਹੈ। ਇਹ ਮੀਟਿੰਗ ਦੀਵਾਲੀ ਤੋਂ ਤਕਰੀਬਨ ਇੱਕ ਹਫਤਾ ਪਹਿਲਾਂ ਸੱਦਣ ਕਰਕੇ ਸਰਕਾਰ ਵੱਲੋਂ ਲੋਕਾਂ ਨੂੰ ਕੋਈ ਦੀਵਾਲੀ ਦਾ ਵੱਡਾ ਤੋਹਫਾ ਦਿੱਤਾ ਜਾ ਸਕਦਾ ਹੈ। ਇਸ ਲਈ ਲੋਕਾਂ ਨੂੰ ਇਸ ਮੀਟਿੰਗ ਤੋਂ ਬਹੁਤ ਆਸਾਂ ਹਨ।

# ਝੋਟਾ ਨੂੰ ਇਨਸਾਫ ਦਿਵਾਉਣ ਲਈ ਸਰਕਾਰ ਸੰਜੀਦਾ ਨਹੀਂ : ਚੌਹਾਨ



**ਮਾਨਸਾ (ਆਤਮਾ ਸਿੰਘ ਪਮਾਰ)** : ਮਾਨਸਾ ਝੋਟਾ ਕਤਲ ਕਾਂਡ ਇਨਸਾਫ ਮੋਰਚਾ ਡਰੱਗ ਮਾਫੀਆ, ਨਸ਼ਾ ਤਸਕਰਾਂ ਤੇ ਸਿਸਟਮ ਖਿਲਾਫ ਬੁੱਧਵਾਰ 16ਵੇਂ ਦਿਨ ਵੀ ਡਟਿਆ ਰਿਹਾ। ਇਸ ਦੌਰਾਨ ਧਰਨੇ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ ਨੇ ਕਿਹਾ ਕਿ ਸੂਬਾ ਸਰਕਾਰ ਇਨਸਾਫ ਦੇਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੇ ਅੰਦੋਲਨ ਤੇ ਮੰਗਾਂ ਸੰਬੰਧੀ ਦਿੱਤੇ ਜਾ ਰਹੇ ਬਿਆਨ ਤੋਂ ਸਰਕਾਰ ਦੀ ਨਸ਼ਿਆਂ ਪ੍ਰਤੀ ਸੰਵੇਦਨਸ਼ੀਲਤਾ ਆਪਣੇ ਆਪ ਬਿਆਨ ਹੋ ਰਹੀ ਹੈ। ਸਰਕਾਰ ਨੂੰ ਅਸਲੀਅਤ ਸਮਝਣ ਦੀ ਲੋੜ ਹੈ।ਉਨ੍ਹਾ ਕਿਹਾ ਕਿ ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਨੂੰ ਰੋਕਣ ਦੀ ਬਜਾਏ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਕੇਵਲ ਸਰਕਾਰੀ ਪੈਸੇ ਦੀ ਬਰਬਾਦੀ ਤੋਂ ਸਿਵਾਏ ਕੁੱਝ ਵੀ ਨਹੀਂ। ਉਨ੍ਹਾ ਕਿਹਾ ਕਿ ਪਰਵਿੰਦਰ ਸਿੰਘ ਝੋਟੇ ਦੀ ਕੁਰਬਾਨੀ ਨੂੰ ਸਿਜਦਾ ਕਰਦੇ ਹੋਏ ਪੰਜਾਬ ਦੇ ਨੌਜਵਾਨ ਆਪ ਮੁਹਾਰੇ ਐਂਟੀ ਡਰੱਗਜ਼ ਕਮੇਟੀਆਂ ਦਾ ਗਠਨ ਕਰਕੇ ਨਸ਼ਿਆਂ ਵਿਰੁੱਧ ਅਵਾਜ਼ ਬੁਲੰਦ ਕਰ ਰਹੇ ਹਨ।ਉਨ੍ਹਾ ਪਰਵਾਰ ਤੇ ਐਕਸ਼ਨ ਕਮੇਟੀ ਵੱਲੋਂ ਪ੍ਰਸਤਾਵਤ 14 ਮੰਗਾਂ ਨੂੰ ਲਾਗੂ ਕਰਨ ਦੀ • ਬਾਕੀ ਸਫਾ 2 'ਤੇ

## ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਮੂਹਰੇ 31 ਨੂੰ 24 ਘੰਟੇ ਦੇ ਧਰਨੇ

**ਮਾਨਸਾ**: ਪਰਵਿੰਦਰ ਸਿੰਘ ਝੋਟਾ ਨੂੰ ਇਨਸਾਫ਼ ਦਿਵਾਉਣ ਲਈ ਚੱਲ ਰਹੇ ਮੋਰਚੇ ਦੌਰਾਨ ਐਕਸ਼ਨ ਕਮੇਟੀ ਨੇ 31 ਅਕਤੂਬਰ ਨੂੰ ਪੰਜਾਬ ਦੇ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਅੱਗੇ 24 ਘੰਟੇ ਦੇ ਰੋਸ ਧਰਨੇ ਦੇਣ ਦਾ ਫ਼ੈਸਲਾ ਕੀਤਾ ਹੈ। ਸਾਰੀਆਂ ਮੰਗਾਂ ਮਨਵਾਉਣ ਅਤੇ ਸਾਥੀਆਂ ਦੀ ਰਿਹਾਈ ਲਈ ਉਲੀਕੇ ਇਸ ਪ੍ਰੋਗਰਾਮ ਸੰਬੰਧੀ ਕਮੇਟੀ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੋਕ ਨਸ਼ਿਆਂ ਵਿਰੁੱਧ ਫੈਸਲਾਕੁੰਨ ਲੜਾਈ ਲੜਨ ਲਈ ਮਾਨਸਕ ਤੌਰ 'ਤੇ ਪੂਰੀ ਤਰ੍ਹਾਂ • ਬਾਕੀ ਸਫਾ 2 'ਤੇ

## ਗੈਂਗਸਟਰ ਭੁਪੇਸ਼ ਚੋਪੜਾ ਦੀ ਜੇਲ੍ਹ 'ਚ ਮੌਤ



**ਹੁਸ਼ਿਆਰਪੁਰ** : ਕੁਝ ਦਿਨ ਪਹਿਲਾਂ ਹੀ ਹੁਸ਼ਿਆਰਪੁਰ ਸੈਂਟਰਲ ਜੇਲ੍ਹ ਵਿੱਚ ਲਿਆਂਦੇ ਗਏ ਫਿਰੋਜ਼ਪੁਰ ਦੇ ਗੈਂਗਸਟਰ ਭੁਪੇਸ਼ ਚੋਪੜਾ ਉਰਫ ਅਸ਼ੀਸ਼ ਦੀ ਭੇਦਭਰੀ ਹਾਲਤ ਵਿੱਚ ਮੌਤ ਹੋ ਗਈ। 3 ਸਤੰਬਰ 2024 ਨੂੰ ਫਿਰੋਜ਼ਪੁਰ ਵਿੱਚ ਹੋਏ ਤੀਹਰੇ ਕਤਲ ਕੇਸ ਦਾ ਉਹ ਮੁੱਖ ਮੁਲਜ਼ਮ ਸੀ। ਉਸ ਵਿਰੁੱਧ ਨਸ਼ਾ ਤਸਕਰੀ ਦੇ ਮਾਮਲੇ ਵੀ ਦਰਜ ਸਨ। ਚੋਪੜਾ ਵਿਦੇਸ਼ ਦੌੜ ਗਿਆ ਸੀ। ਇਸ ਸਾਲ 12 ਮਾਰਚ ਨੂੰ ਪੰਜਾਬ ਪੁਲਸ ਨੇ ਕੌਮਾਂਤਰੀ ਸੁਰੱਖਿਆ ਏਜੰਸੀਆਂ ਨਾਲ ਤਾਲਮੇਲ ਕਰਕੇ ਮੱਧ ਏਸ਼ੀਆ ਤੋਂ ਉਸ ਨੂੰ ਡਿਪੋਰਟ ਕਰਵਾ ਕੇ ਦਿੱਲੀ ਏਅਰਪੋਰਟ ਤੋਂ ਗ੍ਰਿਫਤਾਰ ਕੀਤਾ ਸੀ।

# ਸਰੀਂਹ ਦੀ ਪੰਚਾਇਤ ਨੂੰ 51 ਲੱਖ ਦਾ ਚੈੱਕ ਸੌਂਪਿਆ



**ਨਕੋਦਰ, (ਬਲਵਿੰਦਰ ਸਿੰਘ ਧਾਲੀਵਾਲ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਬੁੱਧਵਾਰ ਵਿਧਾਨ ਸਭਾ ਹਲਕਾ ਨਕੋਦਰ ਦੇ ਪਿੰਡ ਸਰੀਂਹ ਵਿਖੇ ਲੋਕ ਮਿਲਣੀ ਕਰਨ ਲਈ ਪਹੁੰਚੇ, ਜਿੱਥੇ ਉਨ੍ਹਾ ਦੇ ਸਵਾਗਤ ਲਈ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋਏ। ਇਸ ਮੌਕੇ ਮੁੱਖ ਮੰਤਰੀ ਨੇ ਪਿੰਡ ਦੇ ਵਿਕਾਸ ਕਾਰਜਾਂ ਲਈ ਗ੍ਰਾਮ ਪੰਚਾਇਤ ਨੂੰ 51 ਲੱਖ ਰੁਪਏ ਦਾ ਚੈੱਕ ਸੌਂਪਿਆ। ਪਿੰਡ ਵਿੱਚ ਹੋਏ ਭਰਵੇਂ ਇਕੱਠ ਨੂੰ ਦੇਖ ਕੇ ਮੁੱਖ ਮੰਤਰੀ ਕਾਫ਼ੀ ਉਤਸ਼ਾਹਤ ਨਜ਼ਰ ਆਏ, ਜਦਕਿ ਵਿਧਾਇਕ ਇੰਦਰਜੀਤ ਕੌਰ ਮਾਨ ਦੀ ਅਗਵਾਈ ਦੀ ਵੀ ਚਰਚਾ ਰਹੀ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਲੋਕਾਂ ਦੇ ਪੈਸੇ ਨੂੰ ਲੋਕਾਂ ਦੀ ਭਲਾਈ ਅਤੇ ਵਿਕਾਸ ਕਾਰਜਾਂ 'ਤੇ ਖ਼ਰਚ ਕਰ ਰਹੀ ਹੈ। ਉਨ੍ਹਾਂ ਮਾਵਾਂ-ਭੈਣਾਂ ਲਈ ਐਲਾਨੀ ਸਤਿਕਾਰ ਯੋਜਨਾ ਸਮੇਤ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਯੋਜਨਾਵਾਂ ਦਾ ਮਕਸਦ ਆਮ ਪਰਵਾਰਾਂ ਨੂੰ ਆਰਥਿਕ ਰਾਹਤ ਦੇਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਦਲ ਅਤੇ ਕਾਂਗਰਸ ਕੋਲ ਪੰਜਾਬ ਦੇ ਵਿਕਾਸ ਅਤੇ ਲੋਕਾਂ ਦੀ ਭਲਾਈ ਸਬੰਧੀ ਕੋਈ ਠੋਸ ਮੁੱਦਾ ਨਹੀਂ। ਉਨ੍ਹਾਂ • ਬਾਕੀ ਸਫਾ 2 'ਤੇ

## ਅੱਜ-ਨਾਮਾ

ਕਰਿਆ ਫੇਰ ਜਦ ਸੈਸ਼ਨ ਅਸੈਂਬਲੀ ਦਾ,
ਉਹੀਓ ਰੌਲਾ ਤੇ ਉਹੀਓ ਹੈ ਭੇੜ ਬੇਲੀ।
ਜ਼ਿੰਦਗੀ ਨਾਲ ਸੰਬੰਧਤ ਜੇ ਕੋਈ ਮਸਲਾ,
ਕੋਈ ਵੀ ਸੈਸ਼ਨ ਦੇ ਨਾਲ ਨਾ ਨੇੜ ਬੇਲੀ।
ਚੱਲਦੀ ਭੁੱਲ-ਭੁਲੇਖੇ ਕੋਈ ਬਾਤ ਦਿੱਸੀ,
ਮੁੱਦਾ ਲਾਂਭ ਦਾ ਦਿੰਦਾ ਕੋਈ ਛੇੜ ਬੇਲੀ।
ਬਾਤ ਲੋਕਾਂ ਦੇ ਹਿੱਤ ਲਈ ਹੋਊ ਕਾਹਤੋਂ,
ਬਾਹਲਾ ਚੱਲੇ ਸਿਆਸਤ ਦਾ ਗੇੜ ਬੇਲੀ।
ਏਸੇ ਗੇੜ ਵਿੱਚ ਚਾਰ ਆ ਸਾਲ ਨਿਕਲੇ,
ਬਚਦੀ ਸਿਰਫ ਹੈ ਇੱਕ ਤਿਮਾਹੀ ਬੇਲੀ।
ਅਗਲੀ ਚੋਣ ਦੇ ਵੰਨੀਂ ਰਹੇ ਦੌੜ ਆਗੂ,
ਪਏ ਨੇ ਦੌੜਦੇ ਸਭ ਵਾਹੋ ਦਾਹੀ ਬੇਲੀ।

-ਤੀਸ ਮਾਰ ਖਾਂ

## ਆੜ੍ਹਤੀ ਨੇ ਗੋਲੀਆਂ ਚਲਾ'ਤੀਆਂ, ਇੱਕ ਮੌਤ, ਦੋ ਜ਼ਖ਼ਮੀ

**ਅੰਮ੍ਰਿਤਸਰ (ਨ ਜ਼ ਸ)** : ਕਸਬਾ ਖੇਮਕਰਨ ਦੇ ਆਸਲ ਰੋਡ 'ਤੇ ਬੁੱਧਵਾਰ ਦੁਪਹਿਰ ਆੜ੍ਹਤੀਏ ਮਨਜੀਤ ਸਿੰਘ ਕੱਟਾ ਵੱਲੋਂ ਪਿੱਛੇ ਆ ਰਹੀ ਗੱਡੀ 'ਤੇ ਗੋਲੀਆਂ ਚਲਾਉਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦਕਿ ਦੋ ਹੋਰ ਗੰਭੀਰ ਜ਼ਖਮੀ ਹੋ ਗਏ। ਮ੍ਰਿਤਕ ਦੀ ਪਛਾਣ ਗੁਰਸੇਵਕ ਸਿੰਘ, ਜਦੋਂਕਿ ਜ਼ਖਮੀਆਂ ਦੀ ਹਰਕੀਰਤ ਸਿੰਘ ਅਤੇ ਸਾਜਨ ਸਿੰਘ ਵਜੋਂ ਹੋਈ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਵਿੱਚ ਕਥਿਤ ਤੌਰ 'ਤੇ ਕੱਟਾ ਨੂੰ ਕਾਰ ਸਵਾਰਾਂ 'ਤੇ ਗੋਲੀਆਂ ਚਲਾਉਂਦਿਆਂ ਦੇਖਿਆ ਜਾ ਸਕਦਾ ਹੈ। ਸੂਤਰਾਂ ਮੁਤਾਬਕ ਕੱਟਾ ਪਤਨੀ ਨਾਲ ਕਾਰ ਵਿੱਚ ਸਵਾਰ ਹੋ ਕੇ ਘਰਿਆਲਾ ਸਥਿਤ ਮੰਦਰ ਤੋਂ ਮੱਥਾ ਟੇਕਣ ਮਗਰੋਂ ਵਾਪਸ ਪਰਤ ਰਿਹਾ ਸੀ। ਦੱਸਿਆ ਜਾਂਦਾ ਹੈ ਕਿ ਉਸ ਨੂੰ ਪਿਛਲੇ ਕੁਝ ਦਿਨਾਂ ਤੋਂ ਗੈਂਗਸਟਰਾਂ ਵੱਲੋਂ ਧਮਕੀਆਂ ਮਿਲ ਰਹੀਆਂ ਸਨ। ਇਸ ਦੇ ਮੱਦੇਨਜ਼ਰ ਉਸ ਨੂੰ ਸੁਰੱਖਿਆ ਲਈ ਇੱਕ ਪੁਲਸ ਮੁਲਾਜ਼ਮ ਵੀ ਮੁਹੱਈਆ ਕਰਵਾਇਆ • ਬਾਕੀ ਸਫਾ 2 'ਤੇ

# ਕੇਂਦਰੀ ਕੈਬਨਿਟ ਵੱਲੋਂ ਖੇਡ ਉਦਯੋਗ ਨੂੰ ਹੁਲਾਰਾ ਦੇਣ ਲਈ ਸਕੀਮ ਮਨਜ਼ੂਰ

**ਨਵੀਂ ਦਿੱਲੀ (ਨ ਜ਼ ਸ)**: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰੀ ਕੈਬਨਿਟ ਨੇ ਬੁੱਧਵਾਰ ਖੇਡ ਉਪਕਰਨ ਬਣਾਉਣ ਵਾਲੇ ਸੈਕਟਰ ਨੂੰ ਹੁਲਾਰਾ ਦੇਣ ਲਈ ਵੱਡੀ ਸਕੀਮ ਨੂੰ ਮਨਜ਼ੂਰੀ ਦਿੱਤੀ। ਇਹ ਕਦਮ ਪੰਜਾਬ ਦੇ ਜਲੰਧਰ ਅਤੇ ਲੁਧਿਆਣਾ ਦੇ ਨਾਲ-ਨਾਲ ਯੂ ਪੀ ਦੇ ਮੇਰਠ ਅਤੇ ਜੰਮੂ ਵਰਗੇ ਖੇਡ ਕੇਂਦਰਾਂ ਵਿੱਚ ਖੇਡ ਸਮਾਨ ਦੀ ਨਿਰਮਾਣ ਸਮਰੱਥਾ ਨੂੰ ਨਵੀਂ ਦਿਸ਼ਾ ਦੇਣ ਵਾਲਾ ਸਾਬਤ ਹੋ ਸਕਦਾ ਹੈ।

ਕੈਬਨਿਟ ਨੇ ਅਗਲੇ ਅੱਠ ਸਾਲਾਂ ਲਈ 1,856 ਕਰੋੜ ਰੁਪਏ ਦੇ ਬਜਟ ਨਾਲ ਇਸ ਵਿਆਪਕ ਯੋਜਨਾ ਨੂੰ ਪ੍ਰਵਾਨਗੀ ਦਿੱਤੀ ਹੈ। ਇਸ ਸਕੀਮ ਤਹਿਤ 300-300 ਏਕੜ ਰਕਬੇ ਵਿੱਚ ਚਾਰ ਏਕੀਕ੍ਰਿਤ ਖੇਡ ਉਪਕਰਨ ਨਿਰਮਾਣ ਜ਼ੋਨ (ਇੰਟੀਗ੍ਰੇਟਿਡ ਸਪੋਰਟਸ ਗੁੱਡਜ਼ ਮੈਨੂਫੈਕਚਰਿੰਗ ਜ਼ੋਨ) ਸਥਾਪਤ ਕੀਤੇ ਜਾਣਗੇ। ਨਾਲ ਹੀ 100 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕਰਨ ਵਾਲੇ ਐਂਕਰ ਨਿਵੇਸ਼ਕਾਂ ਨੂੰ 20 ਫੀਸਦੀ ਪੂੰਜੀਗਤ ਖਰਚ (ਕੈਪੈਕਸ) ਸਹਾਇਤਾ ਮੁਹੱਈਆ ਕਰਵਾਈ ਜਾਵੇਗੀ। ਇਸ ਤੋਂ ਇਲਾਵਾ, 10 ਕਰੋੜ ਰੁਪਏ ਜਾਂ ਇਸ ਤੋਂ ਵੱਧ ਦਾ ਨਿਵੇਸ਼ ਕਰਨ ਵਾਲੇ ਨਿਰਮਾਤਾਵਾਂ ਨੂੰ ਉਨ੍ਹਾਂ ਦੇ ਟਰਨਓਵਰ 'ਤੇ 15 ਫੀਸਦੀ ਤੱਕ ਦਾ ਪ੍ਰੋਤਸਾਹਨ (ਟਰਨਓਵਰ ਲਿੰਕਡ ਇੰਸੈਂਟਿਵ) ਦਿੱਤਾ ਜਾਵੇਗਾ।

ਖੇਡ ਉਦਯੋਗ ਵਿੱਚ ਗੁਣਵੱਤਾ ਅਤੇ ਖੋਜ ਨੂੰ ਹੁਲਾਰਾ ਦੇਣ ਲਈ ਇਹ ਸਕੀਮ ਪਹਿਲੀ ਵਾਰ ਪ੍ਰਮਾਣੀਕਰਨ (ਸਰਟੀਫਿਕੇਸ਼ਨ) ਲੈਣ ਦੀ ਲਾਗਤ ਦਾ 70 ਫੀਸਦੀ ਅਤੇ ਗੀਨਿਊ ਕਰਵਾਉਣ 'ਤੇ 50 ਫੀਸਦੀ ਖਰਚ ਚੁੱਕੇਗੀ। ਨਾਲ ਹੀ, ਖੇਡਾਂ ਦੇ ਖੇਤਰ ਵਿੱਚ 'ਸੈਂਟਰਜ਼ ਆਫ ਐਕਸੀਲੈਂਸ' (ਉੱਤਮਤਾ ਕੇਂਦਰ) ਸਥਾਪਤ ਕਰਨ ਲਈ ਵੀ ਸਹਿਯੋਗ ਦਿੱਤਾ ਜਾਵੇਗਾ। ਮੌਜੂਦਾ ਸਮੇਂ ਭਾਰਤ ਵਿੱਚ ਖੇਡ ਉਪਕਰਨਾਂ ਦੇ ਨਿਰਮਾਣ ਦੀ ਅਗਵਾਈ ਕਰ ਰਹੇ ਐੱਮ ਐੱਸ ਐੱਮ ਈ (ਸੂਖਮ, ਲਘੂ ਅਤੇ ਦਰਮਿਆਨੇ ਉਦਯੋਗ) ਸੈਕਟਰ ਨੂੰ ਇਸ ਸਕੀਮ ਨਾਲ ਵੱਡਾ ਹੁਲਾਰਾ ਮਿਲ ਸਕਦਾ ਹੈ। ਇਸੇ ਦੌਰਾਨ ਕੇਂਦਰ ਸਰਕਾਰ ਨੇ ਆਪਣੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਮਹਿੰਗਾਈ ਭੱਤੇ (ਡੀ ਏ) ਅਤੇ ਮਹਿੰਗਾਈ ਰਾਹਤ (ਡੀ ਆਰ) ਵਿੱਚ 3 ਫੀਸਦੀ ਵਾਧੇ ਦਾ ਐਲਾਨ ਕੀਤਾ ਹੈ। ਇਹ ਵਾਧਾ 1 ਜੁਲਾਈ, 2026 ਤੋਂ ਲਾਗੂ ਹੋਵੇਗਾ। ਇਸ ਫੈਸਲੇ ਮਗਰੋਂ ਹੁਣ ਮੂਲ ਤਨਖਾਹ ਅਤੇ ਪੈਨਸ਼ਨ 'ਤੇ ਮਿਲਣ ਵਾਲਾ ਡੀ ਏ 60 ਫੀਸਦੀ ਤੋਂ ਵਧ ਕੇ 63 ਫੀਸਦੀ ਹੋ ਜਾਵੇਗਾ। ਸਰਕਾਰ ਦੇ ਇਸ ਕਦਮ ਨਾਲ ਲਗਪਗ 48.54 ਲੱਖ ਕੇਂਦਰੀ ਮੁਲਾਜ਼ਮਾਂ ਅਤੇ 68.71 ਲੱਖ ਪੈਨਸ਼ਨਰਾਂ ਨੂੰ ਲਾਭ ਮਿਲੇਗਾ। ਦੂਜੇ ਪਾਸੇ ਡੀ ਏ ਅਤੇ ਡੀ ਆਰ ਵਿੱਚ ਕੀਤੇ ਗਏ ਇਸ ਵਾਧੇ ਕਾਰਨ ਸਰਕਾਰੀ ਖ਼ਜ਼ਾਨੇ 'ਤੇ ਸਾਲਾਨਾ 10,016.10 ਕਰੋੜ ਰੁਪਏ ਦਾ ਵਾਧੂ ਵਿੱਤੀ ਬੋਝ ਪਵੇਗਾ।

## ਬੁੱਢਾ ਦਰਿਆ ਤੇ ਕਾਲਾ ਸੰਘਿਆਂ ਡਰੇਨ 'ਤੇ ਚਰਚਾ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** : ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਬੁੱਧਵਾਰ ਜਲੰਧਰ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਸੰਤ ਸੀਚੇਵਾਲ ਨੇ ਬੁੱਢੇ ਦਰਿਆ, ਕਾਲਾ ਸੰਘਿਆਂ ਡਰੇਨ, ਚਿੱਟੀ ਵੇਈਂ ਅਤੇ ਧੁੱਸੀ ਬੰਨ੍ਹ 'ਤੇ ਸੜਕ ਬਣਾਉਣ ਵਿੱਚ ਆ ਰਹੀਆਂ ਸਮੱਸਿਆਵਾਂ ਬਾਬਤ ਦੱਸਿਆ। ਸੀਚੇਵਾਲ ਨੇ ਮੁੱਖ ਮੰਤਰੀ ਨੂੰ ਡੇਅਰੀਆਂ ਦੇ ਗੋਹੇ ਦੀ ਆ ਰਹੀ ਵੱਡੀ ਚੁਣੌਤੀ ਬਾਰੇ ਦੱਸਦਿਆਂ ਕਿਹਾ ਕਿ ਜਦੋਂ ਤਾਂ ਗੋਹਾ ਚੁੱਕਣ ਦੇ ਡੇਅਰੀਆਂ ਵਾਲੇ ਪ੍ਰਤੀ ਪਸ਼ੂ 13 ਰੁਪਏ ਦਿੰਦੇ ਸਨ, ਉਸ ਵੇਲੇ ਗੋਹਾ ਚੁੱਕ ਹੁੰਦਾ ਸੀ। ਜਿਉਂ ਹੀ ਨਗਰ ਨਿਗਮ ਲੁਧਿਆਣਾ ਨੇ ਗੋਹਾ ਚੁੱਕਣ ਦਾ ਕੰਮ 22 ਕਰੋੜ ਵਿੱਚ ਤਿੰਨ ਸਾਲਾਂ ਲਈ ਠੇਕੇ 'ਤੇ ਦੇ ਦਿੱਤਾ ਤਾਂ ਡੇਅਰੀਆਂ ਵਾਲਿਆਂ ਨੇ ਗੋਹਾ ਚੁਕਾਉਣਾ ਬੰਦ ਕਰ ਦਿੱਤਾ, ਜਦ ਕਿ ਨਗਰ ਨਿਗਮ ਮੁਫ਼ਤ ਵਿੱਚ ਗੋਹਾ ਚੁੱਕ ਰਹੀ ਸੀ। • ਬਾਕੀ ਸਫਾ 2 'ਤੇ

## ਦਿ ਐੱਜ ਓਵਰਸੀਜ਼ ਧੂਰੀ ਦੇ ਹਿੱਸੇ ਆਈ ਇੱਕ ਹੋਰ ਸਫ਼ਲਤਾ




**ਧੂਰੀ (ਮੋਹਿਤ ਗਰਗ)**-ਬਾਹਰਲੇ ਮੁਲਕਾਂ ਦੀ ਪੜ੍ਹਾਈ ਤੇ ਆਈਲੈਟਸ ਤੇ ਪੀ ਟੀ ਈ ਦੇ ਕੰਮਾਂ 'ਚ ਆਪਣੀ ਪੱਕੀ ਠੁੱਕ ਤੇ ਵਧੀਆ ਨਤੀਜਿਆਂ ਲਈ ਜਾਣੀ ਜਾਂਦੀ ਮੰਨੀ-ਪ੍ਰਮੰਨੀ ਸੰਸਥਾ 'ਦਿ ਐੱਜ ਓਵਰਸੀਜ਼ ਕੰਸਲਟੈਂਟ ਧੂਰੀ' ਨੇ ਇੱਕ ਵਾਰ ਫੇਰ ਵੱਡੀ ਮੱਲ ਮਾਰੀ ਹੈ। ਇਸ ਅਦਾਰੇ ਨੇ ਕੈਨੇਡਾ ਦਾ ਸੁਪਰ ਵੀਜ਼ਾ ਲਵਾ ਕੇ ਆਪਣੇ ਕੰਮ-ਕਾਰ ਦੀ ਧਾਂਕ ਜਮਾ ਦਿੱਤੀ ਹੈ। ਵੀਜ਼ਾ ਸੌਂਪਣ ਵੇਲੇ ਕੰਪਨੀ ਦੇ ਐੱਮ.ਡੀ. ਜਗਸੀਰ ਸਿੰਘ ਜੱਗੀ ਢੀਂਡਸਾ ਨੇ ਖੁਸ਼ੀ ਜ਼ਾਹਰ ਕਰਦਿਆਂ ਇਸ ਕਾਮਯਾਬੀ ਦਾ ਸਿਹਰਾ ਆਪਣੀ ਟੀਮ ਦੀ ਦਿਨ-ਰਾਤ ਦੀ ਮਿਹਨਤ ਸਿਰ ਬੰਨ੍ਹਿਆ। ਓਹਨਾਂ ਆਖਿਆ ਕਿ ਕੈਨੇਡਾ ਦੇ ਸੁਪਰ ਵੀਜ਼ੇ ਲੱਗਣ ਨਾਲ ਹੁਣ ਧੀ-ਪੁੱਤਾਂ ਦੇ ਮਾਪਿਆਂ ਤੇ ਦਾਦੇ-ਦਾਦੀਆਂ ਦੇ ਸੁਪਨੇ ਪੂਰੇ ਹੋਣ ਲੱਗ ਪਏ ਨੇ।ਜੱਗੀ ਢੀਂਡਸਾ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ 'ਦਿ ਐੱਜ ਓਵਰਸੀਜ਼' ਦਾ ਕੰਮ ਸਟੱਡੀ ਵੀਜ਼ੇ ਤੱਕ ਈ ਸੀਮਤ ਨਹੀਂ, ਸਗੋਂ ਇੱਥੇ ਵਰਕ ਪਰਮਿਟ, ਸਪਾਊਸ ਵੀਜ਼ਾ, ਵਿਜ਼ਟਰ ਤੇ ਸੁਪਰ ਵੀਜ਼ੇ ਵਰਗੀਆਂ ਸੇਵਾਵਾਂ ਵੀ ਪੂਰੀ ਇਮਾਨਦਾਰੀ ਤੇ ਸਾਫ਼-ਗੋਈ ਨਾਲ ਦਿੱਤੀਆਂ ਜਾਂਦੀਆਂ ਨੇ।

## 4 ਦੀ ਰੈਲੀ ਨਾਲ ਭਰੇਗਾ ਨਵਾਂ ਉਤਸ਼ਾਹ: ਗੋਲਡੀ

**ਧੂਰੀ (ਮੋਹਿਤ ਗਰਗ)**-ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਇੰਦਰਪਾਲ ਸਿੰਘ ਗੋਲਡੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਲ ਇੰਡੀਆ ਕਾਂਗਰਸ ਕਮੇਟੀ ਦੇ ਆਗੂ ਅਤੇ ਮੈਂਬਰ ਪਾਰਲੀਮੈਂਟ ਰਾਹੁਲ ਗਾਂਧੀ ਦੇ 4 ਨਵੰਬਰ ਨੂੰ ਜ਼ਿਲ੍ਹਾ ਸੰਗਰੂਰ ਦੇ ਦੌਰੇ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ 'ਮਿਸ਼ਨ ਪੰਜਾਬ' ਤਹਿਤ ਕਰਵਾਈ ਜਾ ਰਹੀ ਇਹ ਵਿਸ਼ਾਲ ਰੈਲੀ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਨਵਾਂ ਮੋੜ ਸਾਬਤ ਹੋਵੇਗੀ ਅਤੇ ਕਾਂਗਰਸੀ ਵਰਕਰਾਂ ਸਮੇਤ ਆਮ ਲੋਕਾਂ ਵਿੱਚ ਇੱਕ ਨਵੀਂ ਊਰਜਾ ਤੇ ਉਤਸ਼ਾਹ ਦਾ ਸੰਚਾਰ ਕਰੇਗੀ।ਉਨ੍ਹਾਂ ਆਖਿਆ ਕਿ ਰਾਹੁਲ ਗਾਂਧੀ ਦੀ ਆਮਦ ਨੂੰ ਲੈ ਕੇ ਇਲਾਕੇ ਦੇ ਕਾਂਗਰਸੀ ਆਗੂਆਂ, ਵਰਕਰਾਂ ਅਤੇ ਪੰਜਾਬ ਵਾਸੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲੋਕ ਆਪਣੀਆਂ ਦਰਪੇਸ਼ ਮੁਸ਼ਕਲਾਂ ਤੋਂ ਨਿਜਾਤ ਪਾਉਣ ਲਈ ਅਤੇ ਪਾਰਟੀ ਨਾਲ ਆਪਣੀ ਵਚਨਬੱਧਤਾ ਪ੍ਰਗਟਾਉਣ ਲਈ ਇਸ ਰੈਲੀ ਵਿੱਚ ਆਪ ਮੁਹਾਰੇ ਅਤੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ।

## ਐਡਵੋਕੇਟ ਗੁਰਸ਼ਮਿੰਦਰ ਸਿੰਘ ਟੋਨਾ ਲੱਖੇਵਾਲੀ ਬਣੇ ਯੂਥ ਅਕਾਲੀ ਦਲ ਦੇ ਪ੍ਰਧਾਨ

**ਮਲੋਟ, (ਰਜਿੰਦਰ ਜੁਨੇਜਾ)** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਕੋਰ ਕਮੇਟੀ ਮੈਂਬਰ ਤੇ ਹਲਕਾ ਇੰਚਾਰਜ ਹਰਪ੍ਰੀਤ ਸਿੰਘ ਕੋਟਭਾਈ



ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ, ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਵੱਲੋਂ ਐਡਵੋਕੇਟ ਗੁਰਸ਼ਮਿੰਦਰ ਸਿੰਘ ਟੋਨਾ ਲੱਖੇਵਾਲੀ ਨੂੰ ਯੂਥ ਅਕਾਲੀ ਦਲ ਹਲਕਾ ਮਲੋਟ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਹਲਕਾ ਇੰਚਾਰਜ ਹਰਪ੍ਰੀਤ ਸਿੰਘ ਕੋਟਭਾਈ ਨੇ ਆਖਿਆ ਕਿ ਇਸ ਨਿਯੁਕਤੀ ਨਾਲ ਹਲਕੇ ਦੇ ਨੌਜਵਾਨਾਂ ਵਿੱਚ ਨਵਾਂ ਜੋਸ਼ ਭਰੇਗਾ ਤੇ ਪਾਰਟੀ ਸੰਗਠਨ ਹੋਰ ਮਜ਼ਬੂਤ ਹੋਵੇਗਾ।ਉਨ੍ਹਾਂ ਨੇ ਨੌਜਵਾਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ-ਪੱਖੀ ਨੀਤੀਆਂ ਘਰ-ਘਰ ਪੁਚਾਉਣ ਅਤੇ ਸਮਾਜ ਸੇਵਾ ਦੇ ਕਾਰਜਾਂ ਲਈ ਮੋਹਰੀ ਹੋ ਕੇ ਅੱਗੇ ਆਉਣ ਦਾ ਸੱਦਾ ਦਿੱਤਾ। ਨਵ-ਨਿਯੁਕਤ ਪ੍ਰਧਾਨ ਐਡਵੋਕੇਟ ਗੁਰਸ਼ਮਿੰਦਰ ਸਿੰਘ ਟੋਨਾ ਨੇ ਸਮੁੱਚੀ ਹਾਈਕਮਾਂਡ ਤੇ ਪਾਰਟੀ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਹਲਕੇ ਦੇ ਨੌਜਵਾਨਾਂ ਨੂੰ ਲਾਮਬੰਦ ਕਰਕੇ ਪਾਰਟੀ ਦੀ ਚੜ੍ਹਦੀ ਕਲਾ ਅਤੇ ਮਜ਼ਬੂਤੀ ਲਈ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕਰਨਗੇ।ਇਸ ਨਿਯੁਕਤੀ ਨੂੰ ਲੈ ਕੇ ਹਲਕੇ ਦੇ ਸਮੂਹ ਅਕਾਲੀ ਵਰਕਰਾਂ ਤੇ ਸਮਰਥਕਾਂ 'ਚ ਭਾਰੀ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ।

## ਪਹਿਲੀ ਤੱਕ ਭਰੇ ਜਾ ਸਕਦੇ ਆਨਲਾਈਨ ਫਾਰਮ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਪੰਜਾਬ ਸਰਕਾਰ ਦੁਆਰਾ ਸਥਾਪਤ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਸੈਕਟਰ-77, ਮੋਹਾਲੀ ਵੱਲੋਂ 17ਵੇਂ ਕੋਰਸ ਲਈ ਦਾਖਲੇ ਦਾ ਐਲਾਨ ਕੀਤਾ ਗਿਆ ਹੈ।ਇਹ ਜਾਣਕਾਰੀ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਵੱਲੋਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਇਹ ਸੰਸਥਾ ਪੰਜਾਬ ਦੇ ਹੋਣਹਾਰ ਨੌਜਵਾਨਾਂ ਨੂੰ 11ਵੀਂ ਤੇ 12ਵੀਂ ਦੀ ਪੜ੍ਹਾਈ ਦੇ ਨਾਲ-ਨਾਲ ਪ੍ਰੀਖਿਆ ਤੇ ਇੰਟਰਵਿਊ ਲਈ ਮੁਫ਼ਤ ਅਤੇ ਉੱਚ ਪੱਧਰੀ ਸਿਖਲਾਈ ਦਿੰਦੀ ਹੈ।ਰਹਿਣ, ਖਾਣ ਤੇ ਸਿਖਲਾਈ ਦਾ ਸਾਰਾ ਖਰਚਾ ਪੰਜਾਬ ਸਰਕਾਰ ਵੱਲੋਂ ਕੀਤਾ ਜਾਂਦਾ ਹੈ।ਸੰਸਥਾ ਦਾ ਹੁਣ ਤੱਕ ਦਾ ਰਿਕਾਰਡ ਸ਼ਾਨਦਾਰ ਰਿਹਾ ਹੈ।ਹੁਣ ਤੱਕ 14 ਕੋਰਸਾਂ ਵਿੱਚ 594 ਕੈਡਿਟ ਪਾਸ ਆਊਟ ਹੋ ਚੁੱਕੇ ਹਨ, ਜਿਨ੍ਹਾਂ ਵਿੱਚੋਂ 394 ਨੇ ਕਲੀਅਰ ਕੀਤਾ। ਉਨ੍ਹਾਂ ਕਿਹਾ ਕਿ 17ਵੇਂ ਕੋਰਸ ਲਈ ਦਾਖ਼ਲੇ ਵਾਸਤੇ ਆਨਲਾਈਨ ਫਾਰਮ 01 ਅਕਤੂਬਰ ਤੋਂ ਭਰੇ ਜਾ ਰਹੇ ਹਨ। ਇਸ ਦਾ ਦਾਖ਼ਲਾ/ਪ੍ਰਵੇਸ਼ ਪ੍ਰੀਖਿਆ 3 ਜਨਵਰੀ ਨੂੰ ਲਿਆ ਜਾਵੇਗਾ।

## ਵਾਲਮੀਕਿ ਨੇ ਭੇਦਭਾਵ ਖ਼ਤਮ ਕਰਨ ਦਾ ਸੁਨੇਹਾ ਦਿੱਤਾ : ਬੱਗਾ



**ਸਨੌਰ (ਰਾਜਿੰਦਰ ਸਿੰਘ ਥਿੰਦ)** : ਭਗਵਾਨ ਵਾਲਮੀਕਿ ਦੇ ਪ੍ਰਕਾਸ਼ ਪੁਰਬ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈਂਦਿਆਂ ਰਾਕੇਸ਼ ਬੱਗਾ ਵੱਲੋਂ ਮਹਿਤਾਪਗੜ੍ਹ, ਬਹਾਦਰਗੜ੍ਹ, ਸਨੌਰ, ਮਹਿਮੂਦਪੁਰ ਜੱਟਾਂ, ਚਮਾਰ ਹੇੜੀ ਅਤੇ ਬਾਲਮੀਕਿ ਜੰਨਤੀ ਸਮੇਤ ਵੱਖ-ਵੱਖ ਪਿੰਡਾਂ ਅਤੇ ਇਲਾਕਿਆਂ ਵਿੱਚ ਪਹੁੰਚ ਕੇ ਭਗਵਾਨ ਵਾਲਮੀਕਿ ਦੇ ਦਰਬਾਰਾਂ ਵਿੱਚ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਭਗਵਾਨ ਵਾਲਮੀਕਿ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਅਤੇ ਸਮਾਜ ਵਿੱਚੋਂ ਜਾਤ-ਪਾਤ ਦੇ ਭੇਦਭਾਵ ਨੂੰ ਖ਼ਤਮ ਕਰਨ ਦਾ ਸੁਨੇਹਾ ਦਿੱਤਾ।ਇਸ ਮੌਕੇ ਰਾਕੇਸ਼ ਬੱਗਾ ਨੇ ਕਿਹਾ ਕਿ ਭਗਵਾਨ ਵਾਲਮੀਕਿ ਦੀਆਂ ਸਿੱਖਿਆਵਾਂ ਸਮੁੱਚੀ ਮਨੁੱਖਤਾ ਨੂੰ ਸੱਚਾਈ, ਸਮਾਨਤਾ, ਨੈਤਿਕਤਾ ਅਤੇ ਆਪਸੀ ਸਤਿਕਾਰ ਦੇ ਰਾਹ 'ਤੇ ਚੱਲਣ ਦੀ ਪ੍ਰੇਰਨਾ ਦਿੰਦੀਆਂ ਹਨ।

## ਵਿਜੀਲੈਂਸ ਜਾਗਰੂਕਤਾ ਹਫ਼ਤਾ ਮਨਾਇਆ



**ਧੂਰੀ, (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)** ਦੇਸ਼ ਭਗਤ ਕਾਲਜ ਬਰੜਵਾਲ-ਧੂਰੀ ਦੇ ਪ੍ਰਿੰਸੀਪਲ ਡਾ. (ਮੇਜਰ) ਬਲਬੀਰ ਸਿੰਘ ਦੀ ਅਗਵਾਈ ਹੇਠ ਚੱਲ ਰਹੇ ਐਨ.ਐਸ.ਐਸ.ਵਿਭਾਗ ਤੇ ਵਿਜੀਲੈਂਸ ਬਿਊਰੋ ਯੂਨਿਟ ਵੱਲੋਂ ਵਿਜੀਲੈਂਸ ਜਾਗਰੂਕਤਾ ਹਫਤਾ ਮਨਾਇਆ ਗਿਆ, ਜਿਸ ਵਿੱਚ ਇਮਾਨਦਾਰੀ ਨਾਲ ਖੁਸ਼ਹਾਲੀ ਵਿਸ਼ੇ ਅਧੀਨ ਇੱਕ ਸੈਮੀਨਾਰ ਕਰਾਇਆ ਗਿਆ, ਜਿਸ ਵਿੱਚ ਇੰਸਪੈਕਟਰ ਗਗਨਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਪ੍ਰੇਰਨਾ ਦਿੱਤੀ ਕਿ ਇਮਾਨਦਾਰੀ ਪਹਿਲਾਂ ਖੁਦ ਤੋਂ ਸ਼ੁਰੂਆਤ ਹੁੰਦੀ ਹੈ, ਜੇਕਰ ਫਿਰ ਵੀ ਜੇਕਰ ਤੁਹਾਨੂੰ ਕਿਤੇ ਭ੍ਰਿਸ਼ਟਾਚਾਰ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਵਿਜੀਲੈਂਸ ਬਿਊਰੋ ਦੀ ਸਹਾਇਤਾ ਲੈ ਸਕਦੇ ਹੋ। ਕਾਲਜ ਪ੍ਰਿੰਸੀਪਲ ਨੇ ਵਿਜੀਲੈਂਸ ਬਿਊਰੋ ਟੀਮ ਦਾ ਰਸਮੀ ਸਵਾਗਤ ਕੀਤਾ। ਅੰਤ ਵਿੱਚ ਕਾਲਜ ਵਾਈਸ ਪ੍ਰਿੰਸੀਪਲ ਡਾਕਟਰ ਅੰਮ੍ਰਿਤ ਸਿੰਘ ਮਡਾਹਰ ਨੇ ਵਿਜੀਲੈਂਸ ਟੀਮ ਲਈ ਧੰਨਵਾਦੀ ਸ਼ਬਦ ਕਹੇ।

## ਜ਼ਿਲ੍ਹੇ ਦੀਆਂ ਮੰਡੀਆਂ 'ਚ ਝੋਨੇ ਦੀ ਆਮਦ 3.09 ਲੱਖ ਮੀਟ੍ਰਿਕ ਟਨ ਤੋਂ ਪਾਰ

**ਸ੍ਰੀ ਮੁਕਤਸਰ ਸਾਹਿਬ, (ਪੂਜਾ/ਸ਼ਮਿੰਦਰਪਾਲ)** ਡਿਪਟੀ ਕਮਿਸ਼ਨਰ ਸ੍ਰੀ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਝੋਨੇ ਦੀ ਸਰਕਾਰੀ ਖਰੀਦ ਦਾ ਕੰਮ ਸੁਚਾਰੂ ਢੰਗ ਨਾਲ ਜਾਰੀ ਹੈ ਤੇ ਖਰੀਦ ਏਜੰਸੀਆਂ ਵੱਲੋਂ ਝੋਨੇ ਦੀ ਖਰੀਦ ਵਿੱਚ ਆਪਣੀ ਭੂਮਿਕਾ ਨਿਭਾਈ ਜਾ ਰਹੀ ਹੈ ਅਤੇ



ਸਬੰਧਤ ਅਧਿਕਾਰੀਆਂ ਵੱਲੋਂ ਝੋਨੇ ਦੀ ਖਰੀਦ ਸਬੰਧੀ ਲਗਾਤਾਰ ਨਜ਼ਰਸਾਨੀ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਡੀਆਂ 'ਚ ਝੋਨੇ ਦੀ ਖ਼ਰੀਦ, ਲਿਫਟਿੰਗ ਤੇ ਹੋਰ ਲੋੜੀਂਦੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਜਾਰੀ ਰੱਖਿਆ ਜਾਵੇ, ਤਾਂ ਜੁ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਸਮੇਂ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਖ਼ਰੀਦ ਪ੍ਰਕਿਰਿਆ ਨਾਲ ਸਬੰਧਤ ਕੰਮਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਲਈ ਸਾਰੇ ਸਬੰਧਤ ਵਿਭਾਗ ਆਪਸੀ ਤਾਲਮੇਲ ਨਾਲ ਕੰਮ ਕਰਨ। ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਸ੍ਰੀ ਹਿਮਾਂਸ਼ੂ ਕੁੱਕੜ ਨੇ ਦੱਸਿਆ ਕਿ 27 ਅਕਤੂਬਰ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਹੁਣ ਤੱਕ ਕੁੱਲ 3,09,299 ਮੀਟ੍ਰਿਕ ਟਨ ਝੋਨੇ ਦੀ ਆਮਦ ਹੋ ਚੁੱਕੀ ਹੈ, ਜਦਕਿ ਵੱਖ-ਵੱਖ ਖ਼ਰੀਦ ਏਜੰਸੀਆਂ ਵੱਲੋਂ 2,88,110 ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ ਤੇ 1,51,725.12 ਮੀਟ੍ਰਿਕ ਟਨ ਝੋਨੇ ਦੀ ਲਿਫਟਿੰਗ ਹੋ ਚੁੱਕੀ ਹੈ।

## ਲੋੜਵੰਦ ਲੜਕੀ ਦਾ ਵਿਆਹ ਕਰਾਇਆ



**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਅਬੋਹਰ-ਅਰੋੜਾ ਵਿਕਾਸ ਮੰਚ ਪ੍ਰਧਾਨ ਗਗਨ ਚੁੱਘ ਦੀ ਅਗਵਾਈ 'ਚ ਸਮਾਜ ਸੇਵਾ ਦੇ ਖੇਤਰ ਵਿੱਚ ਸ਼ਲਾਘਾਯੋਗ ਕੰਮ ਕਰ ਰਿਹਾ ਹੈ।ਸੰਸਥਾ ਨੇ ਹੁਣ ਇੱਕ ਬੇਟੀ ਦੇ ਵਿਆਹ 'ਚ ਸਹਿਯੋਗ ਕੀਤਾ ਹੈ। ਸੰਸਥਾ ਦੇ ਪ੍ਰਧਾਨ ਗਗਨ ਚੁੱਘ ਨੇ ਦੱਸਿਆ ਕਿ ਆਰਥਿਕ ਤੌਰ 'ਤੇ ਕਮਜ਼ੋਰ ਲੜਕੀ ਦੇ ਪਰਵਾਰ ਨੇ ਅਰੋੜਾ ਵਿਕਾਸ ਮੰਚ ਨਾਲ ਸੰਪਰਕ ਕੀਤਾ।ਜਾਂਚ-ਪੜਤਾਲ ਕਰਨ ਤੋਂ ਬਾਅਦ ਲੜਕੀ ਦੇ ਵਿਆਹ ਦਾ ਸਾਰਾ ਰਾਸ਼ਨ ਰਾਜੇਸ਼ ਠਠਈ, ਨਿਤਿਨ ਠਠਈ, ਰਾਜੀਵ ਧੁੜੀਆ, ਦੀਪਕ ਉਪਵੇਜਾ, ਸਾਹਿਲ ਅਰੋੜਾ, ਸ਼ੀਨਮ ਗਿਲਹੋਤਰਾ, ਸਵਿਤਾ ਗੁੰਬਰ, ਆਦਿੱਤਿਆ ਗੁੰਬਰ, ਵੈਭਵ ਫੁਟੇਲਾ ਵੱਲੋਂ ਲੈ ਕੇ ਦਿੱਤਾ ਗਿਆ, ਜਿਨ੍ਹਾਂ ਦਾ ਮੰਚ ਵੱਲੋਂ ਧੰਨਵਾਦ ਕੀਤਾ ਗਿਆ।

## ਗ਼ਦਰੀ ਬਾਬਿਆਂ ਦੇ ਮੇਲੇ ਦੀ ਦਿਲਕਸ਼ ਵੰਨਗੀ ਝੰਡੇ ਦੇ ਗੀਤ ਦੀ ਵਰਕਸ਼ਾਪ ਸ਼ੁਰੂ



**ਜਲੰਧਰ (ਕੇਸਰ)** : ਗ਼ਦਰੀ ਬਾਬਿਆਂ ਦੇ 35ਵੇਂ ਮੇਲੇ ਮੌਕੇ ਪਹਿਲੀ ਨਵੰਬਰ ਸਵੇਰੇ 10 ਵਜੇ ਖੇਡੇ ਜਾਣ ਵਾਲੇ ਸੰਗੀਤ ਨਾਟ ਓਪੇਰੇ ਝੰਡੇ ਦਾ ਗੀਤ 'ਬਦਲ ਦਿਓ ਸਮਾਜ' 100 ਦੇ ਕਰੀਬ ਕਲਾਕਾਰਾਂ ਵੱਲੋਂ ਪੇਸ਼ ਕਰਨ ਲਈ ਬੁੱਧਵਾਰ ਦੇਸ਼ ਭਗਤ ਯਾਦਗਾਰ ਹਾਲ 'ਚ ਪੰਜਾਬ ਦੇ ਕੋਨੇ-ਕੋਨੇ ਤੋਂ ਪੁੱਜੇ ਕਲਾਕਾਰਾਂ ਵੱਲੋਂ ਵਰਕਸ਼ਾਪ ਦਾ ਆਗਾਜ਼ ਹੋਇਆ। ਵਰਕਸ਼ਾਪ ਪਹਿਲੀ ਨਵੰਬਰ ਸਰਘੀ ਵੇਲੇ ਤੱਕ ਜਾਰੀ ਰਹੇਗੀ ਅਤੇ ਸਵੇਰੇ 10 ਵਜੇ ਕਮੇਟੀ ਮੈਂਬਰ ਦਰਸ਼ਨ ਖਟਕੜ ਵੱਲੋਂ ਝੰਡਾ ਲਹਿਰਾਉਣ ਦੀ ਰਸਮ ਉਪਰੰਤ ਇਹ ਬੀਤੇ 35 ਵਰ੍ਹੇ ਤੋਂ ਲੋਕਾਂ ਅੰਦਰ ਧੂਹ ਪਾਉਂਦੀ ਆ ਰਹੀ ਝੰਡੇ ਦੇ ਗੀਤ ਦੀ ਵੰਨਗੀ ਪੇਸ਼ ਹੋਏਗੀ। ਅਮੋਲਕ ਸਿੰਘ ਦੀ ਰਚਨਾ ਅਤੇ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ 'ਚ ਪੰਜਾਬ ਦੀਆਂ ਦੋ ਦਰਜਨ ਦੇ ਕਰੀਬ ਨਾਟ ਮੰਡਲੀਆਂ ਦੇ ਸੈਂਕੜੇ ਕਲਾਕਾਰ ਝੰਡੇ ਦੇ ਗੀਤ ਦੀ ਪੇਸ਼ਕਾਰੀ ਕਰਨਗੇ।

## ਔਰਤਾਂ ਵਿਰੁੱਧ ਅਪਰਾਧਾਂ ਦੇ ਮਾਮਲੇ 'ਚ ਸਖ਼ਤੀ ਵਰਤੀ ਜਾਵੇਗੀ : ਭੁੱਲਰ






**ਮਾਲੇਰਕੋਟਲਾ (ਅਸਗਰ ਪਰਿਹਾਰ)**-ਮਾਲੇਰਕੋਟਲਾ ਪੁਲਿਸ ਨੇ ਇੱਕ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਪੁਲਿਸ ਨੇ ਔਰਤਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਦੇ ਸੋਨੇ ਦੇ ਗਹਿਣੇ ਖੋਹਣ ਵਾਲੇ ਇੱਕ ਅੰਤਰ-ਜ਼ਿਲ੍ਹਾ ਗਿਰੋਹ ਦਾ ਪਰਦਾਫ਼ਾਸ਼ ਕੀਤਾ ਹੈ। ਇਸ ਗਿਰੋਹ ਨੇ ਮਾਲੇਰਕੋਟਲਾ, ਲੁਧਿਆਣਾ ਅਤੇ ਤਰਨਤਾਰਨ ਵਿੱਚ ਘੱਟੋ-ਘੱਟ ਅੱਠ ਅਜਿਹੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ। ਚਾਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।ਗ੍ਰਿਫਤਾਰ ਦੋਸ਼ੀਆਂ ਦੀ ਪਛਾਣ ਸਾਮੂ ਵਾਸੀ ਵਾਰਡ ਨੰਬਰ 02, ਗਲੀ ਨਾਥਾਂ ਵਾਲੀ, ਰਾਮ ਚੰਦ ਕਲੋਨੀ, ਗੋਕਲਪੁਰ, ਜ਼ਿਲ੍ਹਾ ਤਰਨਤਾਰਨ; ਮੁਕੱਦਰਾ ਕੁਮਾਰ ਰਾਹੋ ਵਾਲੀ, ਜਲੰਧਰ; ਕਾਡਾ ਰਾਮ ਵਾਸੀ ਰਾਮ ਦੇਵ ਕਲੋਨੀ, ਮੁਹੱਲਾ ਗੋਕਲਪੁਰ, ਜ਼ਿਲ੍ਹਾ ਤਰਨਤਾਰਨ ਅਤੇ ਸੰਜੇ ਕੁਮਾਰ ਵਾਸੀ ਮੁਹੱਲਾ ਨੀਲ ਕੰਠ, ਨੇੜੇ ਟਾਂਡਾ ਬਾਈਪਾਸ, ਹੁਸ਼ਿਆਰਪੁਰ ਵਜੋਂ ਹੋਈ ਹੈ। ਕਪਤਾਨ ਪੁਲਿਸ (ਜਾਂਚ) ਰਮਨਦੀਪ ਸਿੰਘ ਭੁੱਲਰ ਨੇ ਦੱਸਿਆ ਕਿ ਸੀਨੀਅਰ ਕਪਤਾਨ ਪੁਲਿਸ (ਐਸ.ਐਸ.ਪੀ.) ਮਾਲੇਰਕੋਟਲਾ ਸ੍ਰੀ ਹਰਕਮਲਪ੍ਰੀਤ ਸਿੰਘ ਖੱਖ ਦੀ ਸਮੁੱਚੀ ਨਿਗਰਾਨੀ ਹੇਠ ਇਹ ਕਾਰਵਾਈ ਜ਼ਿਲ੍ਹੇ ਵਿੱਚ ਨਸ਼ਾ ਤਸਕਰਾਂ ਅਤੇ ਮਾੜੇ ਅਨਸਰਾਂ ਵਿਰੁੱਧ ਵਿੱਢੀ ਗਈ ਮੁਹਿੰਮ ਤਹਿਤ ਕੀਤੀ ਗਈ ਹੈ। ਇਸ ਕਾਰਵਾਈ ਨੂੰ ਇੰਚਾਰਜ ਸੀ.ਆਈ.ਏ. ਸਟਾਫ਼ ਮਾਹੋਰਾਣਾ ਇੰਸਪੈਕਟਰ ਹਰਜਿੰਦਰ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਅੰਜਾਮ ਦਿੱਤਾ। ਟੀਮ ਨੇ ਕਪਤਾਨ ਪੁਲਿਸ (ਇਨਵੈਸਟੀਗੇਸ਼ਨ) ਸ੍ਰੀ ਰਮਨਦੀਪ ਸਿੰਘ ਭੁੱਲਰ ਅਤੇ ਉਪ ਕਪਤਾਨ ਪੁਲਿਸ (ਇਨਵੈਸਟੀਗੇਸ਼ਨ) ਸ੍ਰੀ ਦੀਪਵਿੰਦਰਪਾਲ ਸਿੰਘ ਦੀ ਨਿਗਰਾਨੀ ਹੇਠ ਕੰਮ ਕੀਤਾ।ਪੁੱਛਗਿੱਛ ਦੌਰਾਨ ਦੋਸ਼ੀਆਂ ਨੇ ਅੱਠ ਵਾਰਦਾਤਾਂ ਕਬੂਲ ਕੀਤੀਆਂ ਹਨ। ਪੁਲਿਸ ਨੇ ਇੱਕ ਕਾਲੇ ਰੰਗ ਦਾ ਪਲਸਰ ਮੋਟਰਸਾਈਕਲ ਸਮੇਤ ਵਨਪਲੱਸ ਮੋਬਾਈਲ ਫ਼ੋਨ, ਇੱਕ ਸੋਨੇ ਦੀ ਅੰਗੂਠੀ, ਇੱਕ ਸੋਨੇ ਦੀ ਨੱਥੀ ਅਤੇ ਇੱਕ ਜੋੜਾ ਸੋਨੇ ਦੀਆਂ ਵਾਲੀਆਂ ਬਰਾਮਦ ਕੀਤੀਆਂ ਹਨ।

## ਰਾਹੁਲ ਗਾਂਧੀ ਦੀ ਸੰਗਰੂਰ ਰੈਲੀ ਨੂੰ ਕਾਮਯਾਬ ਕਰਾਂਗੇ : ਗਾਂਧੀ, ਕਾਵਰੇ

**ਪਟਿਆਲਾ/ਸਮਾਣਾ (ਰਾਜਿੰਦਰ ਸਿੰਘ ਥਿੰਦ/ਗੁਰਪਿਆਰ ਸਿੰਘ ਬੱਲ)** ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਦਿਹਾਤੀ ਦੇ ਪ੍ਰਧਾਨ ਬੀਬੀ ਗੁਰਸ਼ਰਨ ਕੌਰ ਰੰਧਾਵਾ ਤੇ ਸ਼ਹਿਰੀ ਪ੍ਰਧਾਨ ਰਾਜੇਸ਼ ਦੁੱਗਲ ਦੀ ਅਗਵਾਈ ਹੇਠ ਪਟਿਆਲਾ ਵਿਖੇ ਲੋਕਤੰਤਰ ਦੀ ਰਾਖੀ ਦੇ ਮੁੱਖ ਵਿਸ਼ੇ 'ਤੇ ਅਹਿਮ ਮੀਟਿੰਗ ਕੀਤੀ ਗਈ।ਕਾਂਗਰਸ ਹਾਈਕਮਾਂਡ ਦੇ ਸੀਨੀਅਰ ਆਗੂਆਂ ਦੀ ਵਿਸ਼ੇਸ਼ ਸ਼ਮੂਲੀਅਤ ਰਹੀ, ਜਿਨ੍ਹਾਂ 'ਚ ਪੰਜਾਬ ਕਾਂਗਰਸ ਦੇ ਕੋ ਇੰਚਾਰਜ ਹੀਨਾ ਕਾਵਰੇ, ਸੰਸਦ ਡਾਕਟਰ ਧਰਮਵੀਰ ਗਾਂਧੀ ਤੇ ਸਾਬਕਾ ਮੰਤਰੀ ਡਾ. ਰਾਜਕੁਮਾਰ ਵੇਰਕਾ, ਸਾਧੂ ਸਿੰਘ ਧਰਮਸੋਤ, ਹਰਦਿਆਲ ਸਿੰਘ ਕੰਬੋਜ, ਮਦਨ ਲਾਲ ਜਲਾਲਪੁਰ, ਰਜਿੰਦਰ ਸਿੰਘ, ਹਰਿੰਦਰਪਾਲ ਸਿੰਘ ਹੈਰੀ ਮਾਨ, ਐਸ ਆਈ ਆਰ ਦੀ ਇੰਚਾਰਜ ਕਿੰਗਰਾ ਤੇ ਕੁਆਡੀਨੇਟਰ ਅਮਨ ਢੇਪਈ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਮੀਟਿੰਗ ਵਿੱਚ (ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ) ਨਾਲ ਜੁੜੇ ਮੁੱਦਿਆਂ ਤੇ 4 ਨਵੰਬਰ ਨੂੰ ਸੰਗਰੂਰ ਵਿਖੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਸ੍ਰੀ ਰਾਹੁਲ ਗਾਂਧੀ ਦੀ ਰੈਲੀ ਦੀਆਂ ਤਿਆਰੀਆਂ ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਮੈਡਮ ਹੀਨਾ ਕਾਵੜੇ, ਸਕੱਤਰ 1933 ਤੇ ਪੰਜਾਬ ਦੀ ਸਹਿ-ਇੰਚਾਰਜ, ਡਾ. ਰਾਜ ਕੁਮਾਰ ਵੇਰਕਾ, ਕਾਰਜਕਾਰੀ ਪ੍ਰਧਾਨ, ਅਤੇ ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ



ਗਾਂਧੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ, ਜਿਨਾਂ ਨੇ ਆਪਣੇ ਵਿਚਾਰ ਵਰਕਰਾਂ ਅੱਗੇ ਰੱਖੇ।ਕਾਂਗਰਸ ਹਾਈਕਮਾਂਡ ਦੇ ਆਗੂਆਂ ਦੀ ਮੌਜੂਦਗੀ ਨੇ ਮੀਟਿੰਗ ਨੂੰ ਮਹੱਤਵਪੂਰਨ ਬਣਾਇਆ, ਜਿਸ ਦੌਰਾਨ ਲੋਕਤੰਤਰੀ ਅਧਿਕਾਰਾਂ ਦੀ ਸੁਰੱਖਿਆ ਅਤੇ ਪਾਰਟੀ ਦੀਆਂ ਆਉਣ ਵਾਲੀਆਂ ਸਿਆਸੀ ਗਤੀਵਿਧੀਆਂ ਸਬੰਧੀ ਵਿਚਾਰ ਸਾਂਝੇ ਕੀਤੇ ਗਏ। ਆਗੂਆਂ ਨੇ ਵੋਟਰ ਸੂਚੀਆਂ ਦੀ ਸੁਧਾਈ ਦੀ ਪ੍ਰਕਿਰਿਆ 'ਚ ਪਾਰਦਰਸ਼ਤਾ, ਨਿਰਪੱਖਤਾ ਅਤੇ ਹਰ ਯੋਗ ਨਾਗਰਿਕ ਦੇ ਵੋਟ ਦੇ ਅਧਿਕਾਰ ਦੀ ਸੁਰੱਖਿਆ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਕਿਸੇ ਵੀ ਯੋਗ ਵੋਟਰ ਦਾ ਨਾਂਅ ਗ਼ਲਤ ਤਰੀਕੇ ਨਾਲ ਵੋਟਰ ਸੂਚੀ ਵਿੱਚੋਂ ਨਾ ਕੱਟਿਆ ਜਾਵੇ ਤੇ ਹਰ ਨਾਗਰਿਕ ਨੂੰ ਆਪਣੇ ਸੰਵਿਧਾਨਕ ਹੱਕ ਦੀ ਵਰਤੋਂ ਕਰਨ ਦਾ ਪੂਰਾ ਮੌਕਾ ਮਿਲੇ। ਮੀਟਿੰਗ ਦਾ ਇੱਕ ਹੋਰ ਅਹਿਮ ਪਹਿਲੂ 4 ਨਵੰਬਰ ਨੂੰ ਸੰਗਰੂਰ ਵਿਖੇ ਹੋਣ ਵਾਲੀ ਰੈਲੀ ਦੀਆਂ ਤਿਆਰੀਆਂ ਰਿਹਾ।ਇਸ ਸਬੰਧੀ ਜ਼ਿਲ੍ਹਾ ਪਟਿਆਲਾ ਦੀ ਸਮੁੱਚੀ ਕਾਂਗਰਸੀ ਲੀਡਰਸ਼ਿਪ ਨੇ ਆਪਸੀ ਤਾਲਮੇਲ, ਜਥੇਬੰਦਕ ਸਰਗਰਮੀਆਂ ਤੇ ਰੈਲੀ ਦੀ ਸਫ਼ਲਤਾ ਲਈ ਕੀਤੇ ਜਾ ਰਹੇ ਪ੍ਰਬੰਧਾਂ ਬਾਰੇ ਵਿਚਾਰ-ਵਟਾਂਦਰਾ ਕੀਤਾ।ਆਗੂਆਂ ਨੇ ਪਾਰਟੀ ਦੇ ਅਹੁਦੇਦਾਰਾਂ ਤੇ ਵਰਕਰਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਲਈ ਤਿਆਰੀਆਂ ਨੂੰ ਹੋਰ ਤੇਜ਼ ਕਰਨ 'ਤੇ ਜ਼ੋਰ ਦਿੱਤਾ।

## ਹੈਰੋਇਨ ਸੇਵਨ ਦੇ ਦੋਸ਼ 'ਚ ਇੱਕ ਕਾਬੂ

**ਜਲਾਲਾਬਾਦ, (ਜੀਤ ਕੁਮਾਰ)** ਥਾਣਾ ਸਿਟੀ ਪੁਲਸ ਨੇ ਹੈਰੋਇਨ ਦਾ ਸੇਵਨ ਕਰਨ ਦੇ ਦੋਸ਼ ਵਿੱਚ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਏ.ਐਸ.ਆਈ. ਸੁਨੀਲ ਕੁਮਾਰ ਨੇ ਦੱਸਿਆ ਕਿ ਜਦੋਂ ਪੁਲਸ ਟੀਮ ਗਸ਼ਤ ਕਰ ਰਹੀ ਸੀ ਅਤੇ ਪੁਰਾਣੇ ਸ੍ਰੀ ਮੁਕਤਸਰ ਸਾਹਿਬ ਬੱਸ ਸਟੈਂਡ ਨੇੜੇ ਓਵਰਬ੍ਰਿਜ ਕੋਲ ਸ਼ੱਕੀ ਵਿਅਕਤੀਆਂ ਦੀ ਭਾਲ ਕਰ ਰਹੀ ਸੀ, ਤਾਂ ਇੱਕ ਵਿਅਕਤੀ ਪੁਲਸ ਨੂੰ ਦੇਖ ਕੇ ਭੱਜਣ ਦੀ ਕੋਸ਼ਿਸ਼ ਕਰਨ ਲੱਗਾ। ਹੋਰ ਪੁਲਸ ਮੁਲਾਜ਼ਮਾਂ ਦੀ ਮਦਦ ਨਾਲ ਉਸਨੂੰ ਕਾਬੂ ਕਰ ਲਿਆ ਗਿਆ। ਫੜੇ ਗਏ ਵਿਅਕਤੀ ਦੀ ਪਛਾਣ ਕੁਲਦੀਪ ਸਿੰਘ ਪੁੱਤਰ ਬਲਦੇਵ ਸਿੰਘ, ਵਾਸੀ ਮੋਠਾਂ ਵਾਲਾ, ਗੁਰੂ ਹਰ ਸਹਾਏ (ਜ਼ਿਲ੍ਹਾ ਫਿਰੋਜ਼ਪੁਰ) ਵਜੋਂ ਹੋਈ ਹੈ। ਉਸ ਕੋਲੋਂ ਇੱਕ ਲਾਈਟਰ, ਹੈਰੋਇਨ ਲੱਗੀ ਚਾਂਦੀ ਦੀ ਪੰਨੀ (ਫੋਇਲ) ਅਤੇ 10 ਰੁਪਏ ਦਾ ਨੋਟ ਬਰਾਮਦ ਹੋਣ ਤੋਂ ਬਾਅਦ, ਉਸ ਵਿਰੁੱਧ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ 27/61/85 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

## ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜਾਗਰੂਕਤਾ ਸੈਮੀਨਾਰ ਤੇ ਰੈਲੀ

**ਮਲੋਟ ( ਰਜਿੰਦਰ ਜੁਨੇਜਾ)** ਸੀਨੀਅਰ ਕਪਤਾਨ ਪੁਲਿਸ ਸ੍ਰੀ ਅਭੀਮੰਨੂੰ ਰਾਣਾ (ਆਈ.ਪੀ.ਐੱਸ.) ਤੇ ਕਪਤਾਨ ਪੁਲਿਸ (ਸਥਾਨਕ) ਕਮ ਜ਼ਿਲ੍ਹਾ ਕਮਿਊਨਿਟੀ ਪੁਲਿਸ ਅਫ਼ਸਰ ਸ੍ਰੀ ਗੁਰਿੰਦਰਜੀਤ ਸਿੰਘ ਸੰਧੂ (ਪੀ.ਪੀ.ਐੱਸ.) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਸਾਂਝ ਕੇਂਦਰ ਸਬ



ਡਵੀਜ਼ਨ ਮਲੋਟ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਪ੍ਰੋਗਰਾਮ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਬੁਲ ਖੁਰਾਣਾ ਵਿਖੇ ਇੱਕ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਕਰਾਇਆ ਗਿਆ। ਇਹ ਸੈਮੀਨਾਰ ਸ੍ਰੀ ਜਸਪਾਲ ਸਿੰਘ ਧਾਲੀਵਾਲ, ਡੀ.ਐੱਸ.ਪੀ. (ਸਬ ਡਵੀਜ਼ਨ ਮਲੋਟ) ਦੀ ਅਗਵਾਈ ਹੇਠ ਸੰਪੰਨ ਹੋਇਆ।ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਸਮਾਜਿਕ ਤੇ ਸਰੀਰਕ ਮਾੜੇ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸੁਨਹਿਰੇ ਭਵਿੱਖ ਦਾ ਨਿਰਮਾਣ ਕਰਨ ਲਈ ਪ੍ਰੇਰਿਤ ਕੀਤਾ।ਸੈਮੀਨਾਰ ਦੌਰਾਨ ਹਾਜ਼ਰੀਨ ਨੇ ਨਸ਼ਿਆਂ ਵਿਰੁੱਧ ਇੱਕਜੁੱਟ ਹੋ ਕੇ ਲੜਨ ਦਾ ਪ੍ਰਣ ਵੀ ਲਿਆ। ਸੈਮੀਨਾਰ ਉਪਰੰਤ ਪਿੰਡ ਅਬੁਲ ਖੁਰਾਣਾ ਵਿਖੇ ਇੱਕ ਜਾਗਰੂਕਤਾ ਰੈਲੀ ਕੱਢੀ ਗਈ, ਜਿਸ ਵਿੱਚ ਵਿਦਿਆਰਥੀਆਂ ਨੇ ਹੱਥਾਂ ਵਿੱਚ ਤਖ਼ਤੀਆਂ ਫੜ ਕੇ 'ਨਸ਼ਾ ਛੱਡੋ-ਜ਼ਿੰਦਗੀ ਚੁਣੋ' ਵਰਗੇ ਨਾਅਰੇ ਲਾਉਂਦਿਆਂ ਪਿੰਡ ਵਾਸੀਆਂ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕ ਕੀਤਾ। ਸਮਾਗਮ ਵਿੱਚ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਬਿਮਲਾ ਰਾਣੀ, ਇੰਸਪੈਕਟਰ ਮਲਕੀਤ ਸਿੰਘ (ਮੁੱਖ ਅਫ਼ਸਰ, ਥਾਣਾ ਸਦਰ ਮਲੋਟ), ਏ.ਐੱਸ.ਆਈ. ਹਰਵਿੰਦਰ ਸਿੰਘ (ਥਾਣਾ ਸਿਟੀ ਮਲੋਟ) ਤੇ ਗੁਰਪ੍ਰੀਤ ਸਿੰਘ (ਸਾਇੰਸ ਮਾਸਟਰ) ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਨਸ਼ਾ ਮੁਕਤ ਸਮਾਜ ਸਿਰਜਣ ਦਾ ਸੁਨੇਹਾ ਦਿੱਤਾ।

## ਸਰਦਾਰ ਪਟੇਲ ਦੇ ਜਨਮ ਦਿਵਸ ਮੌਕੇ 'ਰਾਸ਼ਟਰੀ ਏਕਤਾ ਦਿਵਸ' ਮਨਾਇਆ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)** ਸਰਦਾਰ ਵੱਲਭ ਭਾਈ ਪਟੇਲ ਜੀ ਦੇ ਜਨਮ ਦਿਵਸ ਨੂੰ ਸਮਰਪਤ 'ਰਾਸ਼ਟਰੀ ਏਕਤਾ ਦਿਵਸ' ਮੌਕੇ ਪੁਲਸ ਵੱਲੋਂ ਏਕਤਾ ਅਤੇ ਅਖੰਡਤਾ ਦੀ ਸਹੁੰ ਚੁੱਕ ਸਮਾਗਮ ਕਰਾਇਆ ਗਿਆ। ਪੁਲਸ ਅਧਿਕਾਰੀਆਂ ਤੇ ਦਫ਼ਤਰੀ ਸਟਾਫ਼ ਵੱਲੋਂ ਦੇਸ਼ ਦੀ ਏਕਤਾ, ਅਖੰਡਤਾ ਤੇ ਸੁਰੱਖਿਆ ਨੂੰ ਮਜ਼ਬੂਤ ਬਣਾਉਣ ਲਈ ਆਪਣੀ ਵਚਨਬੱਧਤਾ ਦੁਹਰਾਈ ਗਈ।ਇਸ ਮੌਕੇ ਸ੍ਰੀ ਅਭਿਮੰਨਿਊ ਰਾਣਾ, ਆਈ.ਪੀ.ਐਸ, ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਪੁਲਿਸ ਦਫ਼ਤਰ ਦੇ ਅਧਿਕਾਰੀਆਂ ਤੇ ਕ੍ਰਮਚਾਰੀਆਂ ਨੇ ਰਾਸ਼ਟਰੀ ਏਕਤਾ ਦਿਵਸ ਦੀ ਸਹੁੰ ਚੁੱਕੀ। ਸਹੁੰ ਦੌਰਾਨ ਪੁਲਸ ਮੁਲਾਜ਼ਮਾਂ ਨੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣ, ਦੇਸ਼ ਦੀ ਸੁਰੱਖਿਆ ਵਿੱਚ ਆਪਣਾ ਯੋਗਦਾਨ ਪਾਉਣ ਅਤੇ ਨਾਗਰਿਕਾਂ ਵਿੱਚ ਭਾਈਚਾਰਕ ਸਾਂਝ, ਏਕਤਾ ਤੇ ਸਦਭਾਵਨਾ ਦੀ ਭਾਵਨਾ ਨੂੰ ਮਜ਼ਬੂਤ ਕਰਨ ਲਈ ਪੂਰੀ ਨਿਸ਼ਠਾ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦਾ ਪ੍ਰਣ ਲਿਆ।ਸਮਾਗਮ ਦੌਰਾਨ ਏ.ਐਸ.ਆਈ. ਗੁਰਦੇਵ ਸਿੰਘ ਵੱਲੋਂ ਹਾਜ਼ਰ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸਹੁੰ ਚੁਕਾਈ ਗਈ। ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਇਸ ਮੌਕੇ ਕਿਹਾ ਗਿਆ ਕਿ ਵੱਲਭ ਭਾਈ ਪਟੇਲ ਜੀ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

## ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ 'ਚ ਐੱਸ ਆਈ ਵੀ ਪਾਇਲਟ ਪ੍ਰੋਜੈਕਟ ਸਮਾਰੋਹ



**ਮੱਖੂ, (ਰਛਪਾਲ ਸਿੰਘ ਸੰਧੂ)** ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਵਿਖੇ ਸਕਿਲ ਇਨ ਵਿਲਜ (ਆਈਐਸਵੀ) ਪਾਇਲਟ ਪ੍ਰੋਜੈਕਟ ਸਮਾਰੋਹ ਦਾ ਵਿਸ਼ੇਸ਼ ਆਯੋਜਨ ਕੀਤਾ ਗਿਆ।ਸਮਾਰੋਹ ਦੌਰਾਨ ਸਰਵਹਿੱਤਕਾਰੀ ਸੁਸਾਇਟੀ ਦੇ ਐਸਆਈਵੀ ਮੁੱਖੀ ਅਸ਼ਵਿੰਦਰ ਦੇਵ ਗੋਇਲ ਪ੍ਰਾਂਤ ਟੋਲੀ ਦੇ ਮੈਂਬਰ, ਪ੍ਰਾਂਤ ਕਾਰਜਕਾਰੀ ਮੈਂਬਰ, ਐਸਆਈਵੀ ਪਾਇਲਟ ਪ੍ਰੋਜੈਕਟ ਪੰਜਾਬ ਦੇ ਮੁੱਖ ਮੈਂਬਰ ਵਜੋਂ ਸ਼ਿਰਕਤ ਕੀਤੀ। ਸਮਾਰੋਹ ਵਿੱਚ ਲੁਧਿਆਣਾ ਵਿਭਾਗ ਦੇ ਸਚਿਵ ਸਤਪਾਲ ਨਰੂਲਾ ਤੇ ਮੁੱਖ ਮਹਿਮਾਨ ਅਮਰਜੀਤ ਕੌਰ ਛਾਬੜਾ ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਫ਼ਿਰੋਜ਼ਪੁਰ ਤੇ ਹਿਊਮਨ ਰਾਇਟਸ ਦੇ ਮੈਂਬਰ ਸ਼ਾਮਿਲ ਹੋਏ।ਮੁੱਖ ਮਹਿਮਾਨਾਂ ਦਾ ਸਵਾਗਤ ਸਕੂਲ ਦੇ ਪ੍ਰਬੰਧਕਾਂ ਵੱਲੋਂ ਕੀਤਾ ਗਿਆ।ਅਸ਼ਵਿੰਦਰ ਦੇਵ ਗੋਇਲ (ਪ੍ਰਾਂਤ ਟੋਲੀ ਦੇ ਮੈਂਬਰ, ਪ੍ਰਾਂਤ ਕਾਰਜਕਾਰਿਨੀ ਮੈਂਬਰ) ਨੇ ਐਸ.ਆਈ.ਵੀ ਸਕਿਲ ਇਨ ਵਿਲਜ ਪ੍ਰੋਜੈਕਟ ਦੇ ਵੱਖ-ਵੱਖ ਲਾਭਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪ੍ਰੋਜੈਕਟ ਪਿੰਡਾਂ ਦੇ ਪਿਛੜੇ ਹੋਏ ਬੱਚਿਆਂ ਨੂੰ ਅੱਗੇ ਲਿਆਉਣ ਵਿੱਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਅ ਸਕਦਾ ਹੈ। ਐਸ ਆਈ ਵੀ ਦੇ ਮਾਧਿਅਮ ਨਾਲ ਬੱਚਿਆਂ ਦੇ ਬੌਧਿਕ ਵਿਕਾਸ (ਮਾਨਸਿਕ ਸ਼ਕਤੀ) ਨੂੰ ਤੇਜ਼ ਕੀਤਾ ਜਾਂਦਾ ਹੈ, ਜਿਸ ਨਾਲ ਉਹ ਪੜ੍ਹਾਈ ਤੇ ਹੋਰ ਗਤੀਵਿਧੀਆਂ ਵਿੱਚ ਬਿਹਤਰ ਪ੍ਰਦਰਸ਼ਨ ਕਰ ਸਕਦੇ ਹਨ।ਸਕੂਲ ਵਿੱਚ ਐਸ ਆਈ ਵੀ ਪ੍ਰੋਜੈਕਟ ਦੀ ਦੇਖ-ਰੇਖ ਕਰ ਰਹੇ ਸ਼੍ਰੀਮਤੀ ਗੁਰਪ੍ਰੀਤ ਕੌਰ ਦੀ ਅਗਵਾਈ ਹੇਠ ਬੱਚਿਆਂ ਵੱਲੋਂ ਇੱਕ ਵਿਸ਼ੇਸ਼ ਡੈਮੋ ਪੇਸ਼ ਕੀਤਾ ਗਿਆ।ਡੈਮੋ ਰਾਹੀਂ ਦਿਖਾਇਆ ਗਿਆ ਕਿ ਬੱਚੇ ਕਿਸ ਤਰ੍ਹਾਂ ਇਸ ਪ੍ਰੋਜੈਕਟ ਨਾਲ ਜੁੜ ਕੇ ਸਿੱਖ ਰਹੇ ਹਨ ਅਤੇ ਆਪਣੇ ਦਿਮਾਗ ਦੀ ਕਸਰਤ ਕਰਕੇ ਆਪਣੀ ਬੌਧਿਕ ਸਮਰੱਥਾ ਨੂੰ ਵਧਾ ਰਹੇ ਹਨ।ਪੂਰੇ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਤੇ ਸੰਭਾਲਣ ਵਿੱਚ ਸਕੂਲ ਦੇ ਪ੍ਰਿੰਸੀਪਲ ਅਮਨਦੀਪ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ।ਪ੍ਰਬੰਧਕ ਕਮੇਟੀ ਦੇ ਮੈਂਬਰ ਜਿਨ੍ਹਾਂ ਵਿੱਚ ਸਤਪਾਲ ਦੂਆ (ਮੈਨੇਜਰ), ਸ਼੍ਰੀਮਤੀ ਰਜਨੀ ਠੁਕਰਾਲ (ਮੈਂਬਰ), ਪੰਜਵੀਂ ਕਲਾਸ ਦੇ ਬੱਚੇ ਤੇ ਉਨ੍ਹਾਂ ਦੇ ਮਾਤਾ-ਪਿਤਾ ਵੀ ਸ਼ਾਮਲ ਹੋਏ।ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਤੇ ਮੁੱਖ ਮਹਿਮਾਨਾਂ ਨੂੰ ਸ਼੍ਰੀਫਲ ਦੇ ਕੇ ਸਨਮਾਨਤ ਕੀਤਾ ਗਿਆ।

## ਮਾਤਾ ਸੁੰਦਰੀ ਗਰਲਜ਼ ਕਾਲਜ ਢੱਡੇ ਦਾ ਨਤੀਜਾ ਸ਼ਾਨਦਾਰ ਰਿਹਾ



**ਰਾਮਪੁਰਾ ਫੂਲ (ਦਰਸ਼ਨ ਜ਼ਿੰਦਲ)**-ਲੜਕੀਆਂ ਦੀ ਸਿੱਖਿਆ ਦੇ ਖੇਤਰ ਵਿੱਚ ਮਾਲਵੇ ਇਲਾਕੇ ਵਿੱਚ ਮੋਹਰੀ ਭੂਮਿਕਾ ਨਿਭਾਅ ਰਹੇ ਮਾਤਾ ਸੁੰਦਰੀ ਗਰਲਜ ਕਾਲਜ ਢੱਡੇ ਦਾ ਬੀ ਐਸ.ਸੀ.(ਐਫ.ਟੀ.) ਪਹਿਲੇ ਸਮੈਸਟਰ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ, ਐੱਮ ਡੀ ਗੁਰਬਿੰਦਰ ਸਿੰਘ ਬੱਲੀ ਅਤੇ ਡਾਇਰੈਕਟਰ ਐਡਮਨਿਸਟਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਇਸ ਸ਼ਾਨਦਾਰ ਨਤੀਜੇ ਉੱਪਰ ਕਾਲਜ਼ ਦੇ ਪ੍ਰਿੰਸੀਪਲ ਅਤੇ ਮਿਹਨਤੀ ਸਟਾਫ਼ ਦੀ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਅਜਿਹੇ ਮਾਣਮੱਤੇ ਨਤੀਜੇ ਮਿਲਦੇ ਰਹਿਣ ਦੀ ਆਸ ਕੀਤੀ । ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਨਤੀਜੇ ਉੱਪਰ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਕੋਰਸ ਕਰਕੇ ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਆਤਮ ਨਿਰਭਰ ਹੋ ਕੇ ਆਪਣੇ ਲਈ ਖੁਦ ਰੁਜਗਾਰ ਦੇ ਮੌਕੇ ਪੈਦਾ ਕਰ ਸਕਦੇ ਹਨ । ਇਸ ਕੋਰਸ ਦੀ ਦੇਸ਼ ਅਤੇ ਵਿਦੇਸ਼ ਵਿੱਚ ਬਹੁਤ ਮੰਗ ਹੈ ਅਤੇ ਸਰਕਾਰੀ ਖੇਤਰ ਵਿੱਚ ਵੀ ਇਸ ਕੋਰਸ ਦੀ ਮੰਗ ਵਧੇਰੇ ਹੈ। ਜੋ ਕਿ ਸਿਲਾਈ ਕਢਾਈ ਨਾਲ ਸੰਬੰਧਤ ਹੈ। ਵਿਭਾਗ ਦੇ ਮੁਖੀ ਪ੍ਰੋ ਹਰਵਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਲਜ ਵਿਦਿਆਰਥਣ ਕ੍ਰਮਵਾਰ ਹਰਪ੍ਰੀਤ ਕੌਰ, ਮਨਦੀਪ ਕੌਰ, ਖੁਸ਼ਪ੍ਰੀਤ ਕੌਰ, ਕਮਲਪ੍ਰੀਤ ਕੌਰ, ਪ੍ਰਭਜੋਤ ਕੌਰ ਅਤੇ ਕਮਲਜੋਤ ਕੌਰ ਨੇ ਸਾਂਝੇ ਰੂਪ ਵਿੱਚ 95.4 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਜਗਮੀਤ ਕੌਰ, ਸੁਖਪ੍ਰੀਤ ਕੌਰ,ਗਗਨਦੀਪ ਕੌਰ, ਅਮਨਦੀਪ ਕੌਰ, ਹਰਮਨਦੀਪ ਕੌਰ ਅਤੇ ਜੀਨਾ ਨੇ ਸਾਂਝੇ ਰੂਪ ਵਿੱਚ 93.8 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਗੁਰਵੀਰ ਕੌਰ, ਹੁਸ਼ਨਪ੍ਰੀਤ ਕੌਰ, ਮਨਦੀਪ ਕੌਰ ਅਤੇ ਜਸ਼ਨਦੀਪ ਕੌਰ ਨੇ ਸਾਂਝੇ ਰੂਪ ਵਿੱਚ 92.3 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਸੰਸਥਾ ਦੇ ਖਜਾਨਚੀ ਮੈਡਮ ਪ੍ਰਸ਼ੋਤਮ ਕੌਰ , ਪ੍ਰਸ਼ਾਸਕੀ ਡਾਇਰੈਕਟਰ ਮੈਡਮ ਸਿੰਬਲਜੀਤ ਕੌਰ , ਪ੍ਰੋ. ਜਸਵਿੰਦਰ ਸਿੰਘ, ਪ੍ਰੋ. ਰਵਿੰਦਰ ਸ਼ਰਮਾ, ਪ੍ਰੋ. ਰਾਜਵਿੰਦਰ ਸਿੰਘ, ਪ੍ਰੋ. ਕਰਨਵੀਰ ਸਿੰਘ, ਪ੍ਰੋ. ਕਿਰਨ ਖਾਨ, ਪ੍ਰੋ. ਕਿਰਨਦੀਪ ਕੌਰ ਐਫ.ਟੀ., ਪ੍ਰੋ. ਮਨਦੀਪ ਕੌਰ ਐਫ.ਟੀ., ਪ੍ਰੋ. ਲਖਵੀਰ ਕੌਰ, ਪ੍ਰੋ. ਰਣਜੀਤ ਕੌਰ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਹਰਸ਼ ਰਾਣੀ, ਪ੍ਰੋ. ਰਾਜਬਿੰਦਰ ਕੌਰ ਅਤੇ ਸਮੂਹ ਸਟਾਫ਼ ਨੇ ਵਧਾਈ ਦਿੱਤੀ।

## ਡੇਂਗੂ ਤੋਂ ਬਚਾਅ ਲਈ ਸਿਹਤ ਵਿਭਾਗ ਸਰਗਰਮ : ਡਾ. ਹਰਕੀਰਤਨ ਸਿੰਘ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ ਪੂਜਾ)** - ਸਿਹਤ ਵਿਭਾਗ ਮੁਕਤਸਰ ਸਾਹਿਬ ਵਲੋਂ ਲੋਕਾਂ ਨੂੰ ਡੇਂਗੂ ਤੋਂ ਬਚਾਉਣ ਲਈ ਲਗਾਤਾਰ ਡੇਂਗੂ ਵਿਰੋਧੀ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।ਜਿਸ ਦੇ ਤਹਿਤ ਸਿਹਤ ਵਿਭਾਗ ਵੱਲੋਂ ਡੇਂਗੂ ਦੀ ਬੀਮਾਰੀ ਤੋਂ ਲੋਕਾਂ ਨੂੰ ਬਚਾਉਣ ਲਈ ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ ਹਨ ਜੋ ਕਿ ਸ਼ਹਿਰ ਸ੍ਰੀ ਮੁਕਤਸਰ ਸਾਹਿਬ, ਮਲੋਟ ਅਤੇ ਗਿੱਦੜਬਾਹਾ ਵਿਚ ਘਰ ਘਰ ਜਾ ਕੇ ਡੇਂਗੂ ਦੇ ਫੈਲਣ ਤੋਂ ਬਚਾਅ ਸੰਬੰਧੀ ਰੋਜ਼ਾਨਾ ਗਤੀਵਿਧੀਆਂ ਕਰ ਰਹੀਆਂ ਹਨ ਅਤੇ ਲੋਕਾਂ ਨੂੰ ਜਾਗਰੂਕ ਕਰ ਰਹੀਆਂ ਹਨ । ਇਸ ਸਬੰਧ ਵਿਚ ਡਾ ਹਰਕੀਰਤਨ ਸਿੰਘ ਜਿਲ੍ਹਾ ਐਪੀਡੀਮੋਲੋਜਿਸਟ ਸ਼੍ਰੀ ਮੁਕਤਸਰ ਸਾਹਿਬ ਨੇ ਕਿਹਾ ਕਿ ਸਿਹਤ ਵਿਭਾਗ ਵਲੋਂ ਟੀਮਾਂ ਬਣਾਈਆਂ ਗਈਆਂ ਹਨ ਜੋ ਸ਼ਹਿਰ ਸ਼੍ਰੀ ਮੁਕਤਸਰ ਸਾਹਿਬ ਵਿਚ ਘਰ ਘਰ ਜਾ ਕੇ ਡੇਂਗੂ ਦੇ ਫੈਲਣ ਤੋਂ ਬਚਾਅ ਸਬੰਧੀ ਗਤੀਵਿਧੀਆਂ ਕਰ ਰਹੀਆਂ ਹਨ ਅਤੇ ਇਹ ਗਤੀਵਿਧੀਆਂ ਲਗਾਤਾਰ ਜਾਰੀ ਰਹਿਣਗੀਆਂ ।ਉਨ੍ਹਾ ਕਿਹਾ ਕਿ ਟੀਮਾਂ ਵਲੋਂ ਸ਼ਹਿਰ ਦੇ ਵੱਖ ਵੱਖ ਖੇਤਰਾਂ ਤੋਂ ਇਲਾਵਾ ਅੱਤ ਜ਼ੋਖਮ ਵਾਲੇ ਇਲਾਕੇ ਵਿਚ ਜਾ ਕੇ ਲੋਕਾਂ ਦੇ ਘਰਾਂ ਵਿਚ ਅਤੇ ਘਰਾਂ ਦੇ ਆਸ ਪਾਸ ਪਾਣੀ ਜਮ੍ਹਾ ਨਾ ਹੋਣ ਸੰਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ , ਖੜ੍ਹੇ ਪਾਣੀ ਵਿੱਚ ਲਾਰਵਾ ਵਿਰੋਧੀ ਸਪਰੇਅ ਕੀਤਾ ਜਾ ਰਿਹਾ ਹੈ , ਲੋਕਾਂ ਨੂੰ ਡੇਂਗੂ ਪ੍ਰਤੀ ਜਾਣਕਾਰੀ ਦੇਣ ਲਈ ਜਾਗਰੂਕਤਾ ਪੈਂਫਲਿਟ ਵੰਡੇ ਜਾ ਰਹੇ ਹਨ ਅਤੇ ਘਰਾਂ ਵਿੱਚ ਖੜ੍ਹੇ ਪਾਣੀ ਵਿੱਚ ਪੈਦਾ ਹੋ ਰਹੇ ਮੱਛਰਾਂ ਦੇ ਲਾਰਵੇ ਨੂੰ ਟੈਮੀਫਾਸ ਸਪਰੇ ਨਾਲ ਨਸ਼ਟ ਕਰਵਾਇਆ ਜਾ ਰਿਹਾ ਹੈ ।

# ਸਫਾ 1 ਦੇ ਬਾਕੀ...

## ਕਿਰਤ ਸ਼ਕਤੀ ਸਭ ਤੋਂ ਤਾਕਤਵਰ, ਕਿਰਤੀਆਂ ਦੀ ਜਿੱਤ ਅਟੱਲ : ਵਿਦਿਆ ਸਾਗਰ ਗਿਰੀ

ਨੂੰ ਉਸ ਦੀ ਸ਼ਕਤੀ ਦਾ ਅਹਿਸਾਸ ਕਰਵਾਉਣਾ ਪੈਂਦਾ ਸੀ। ਇਸੇ ਤਰ੍ਹਾਂ ਮਜ਼ਦੂਰ ਅੰਦਰ ਅਥਾਹ ਸ਼ਕਤੀ ਹੈ, ਲੋੜ ਹੈ, ਉਸ ਦੀ ਸ਼ਕਤੀ ਦਾ ਅਹਿਸਾਸ ਕਰਵਾਉਣ ਦੀ। ਉਹਨਾ ਕਿਹਾ ਕਿ ਪੂੰਜੀਵਾਦ ਬਹੁਤ ਹਮਲਾਵਰ ਹੈ, ਪਰ ਨਾਲ ਹੀ ਆਪਣੇ ਆਖਰੀ ਸਾਹ ਵੀ ਗਿਣ ਰਿਹਾ ਹੈ। ਦੂਸਰੇ ਪਾਸੇ ਮਜ਼ਦੂਰ ਵਰਗ ਸਮਾਜ ਦੀ ਸੰਚਾਲਕ ਹੈ। ਇਸ ਲਈ ਇਹ ਕਦੇ ਹਾਰਿਆ ਨਹੀਂ, ਹਾਰੇਗਾ ਵੀ ਨਹੀਂ। ਇਸ ਮੌਕੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਏਟਕ ਨੂੰ ਵਧਾਈ ਦੇਣ ਦੇ ਸਬੱਬ ਨਾਲ ਬੇਹੱਦ ਮੁੱਲਵਾਨ ਵਿਚਾਰ ਪੇਸ਼ ਕੀਤੇ। ਉਹਨਾ ਕਿਹਾ ਕਿ ਮਜ਼ਦੂਰ ਜਿੱਥੇ ਲੋਕਾਂ ਦਾ ਢਿੱਡ ਭਰਦਾ ਹੈ, ਉੱਥੇ ਉਹ ਕਿਰਤ ਦਾ ਸ਼ਾਨਦਾਰ ਸੱਭਿਆਚਾਰ ਵੀ ਸਿਰਜਦਾ ਹੈ। ਦੂਸਰੇ ਪਾਸੇ ਸਰਮਾਏਦਾਰੀ ਦੋ ਤਰ੍ਹਾਂ ਦੇ 'ਪਸ਼ੂ' ਪੈਦਾ ਕਰਦੀ ਹੈ। ਉਹਨਾ ਮਾਰਕਸ ਦੇ ਹਵਾਲੇ ਨਾਲ ਕਿਹਾ ਕਿ ਸਰਮਾਏਦਾਰੀ ਮਨੁੱਖ ਨੂੰ ਡਰਾਉਂਦੀ ਹੈ। ਡਰਿਆ ਹੋਇਆ ਮਨੁੱਖ ਵੀ ਪਸ਼ੂਆਂ ਵਾਂਗ ਵਿਹਾਰ ਕਰਨ ਲੱਗ ਪੈਂਦਾ ਹੈ। ਅੰਨ੍ਹੀ ਲੁੱਟ ਕਰਦਿਆਂ ਸਰਮਾਏਦਾਰ ਖਾਣ-ਪੀਣ ਦਾ ਵਰਤਾਰਾ ਵੀ ਪਸ਼ੂਆਂ ਵਾਂਗ ਕਰਦਾ ਹੈ। ਇਸ ਦੌਰ ਵਿੱਚ ਸਰਮਾਏਦਾਰ ਦੁਨੀਆ ਦੇ ਕੁਦਰਤੀ ਸਰੋਤ ਹੀ ਨਹੀਂ ਲੁੱਟ ਰਹੇ, ਸਗੋਂ ਕਿਰਤ ਵੀ ਲੁੱਟੀ ਜਾ ਰਹੀ ਹੈ। 'ਪੈਦਾਵਾਰ ਮਨੁੱਖੀ ਹੱਥਾਂ ਤੋਂ ਬਗ਼ੈਰ' ਦਾ ਨਾਅਰਾ ਦਿੱਤਾ ਜਾ ਰਿਹਾ ਹੈ। ਰੋਬੋਟ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਇਹ ਸੋਚ ਕੇ ਕਈ ਵਾਰ ਪਰੇਸ਼ਾਨੀ ਭਰੀ ਹੈਰਾਨੀ ਹੁੰਦੀ ਹੈ ਕਿ ਰੋਬੋਟ ਦੀ ਸਰਦਾਰੀ ਵਿੱਚ ਕਿਰਤੀ ਹੱਥ ਕਿੱਥੇ ਜਾਣਗੇ। ਡਾ. ਸਿਰਸਾ ਨੇ ਸਵਾਲ ਕੀਤਾ ਕਿ ਧਨ ਕੁਬੇਰਾਂ ਦੀਆਂ ਵਧ ਰਹੀਆਂ ਧਾੜਾਂ ਤੇ ਕਿਰਤ ਕਾਨੂੰਨਾਂ ਦੀ ਸਮਾਪਤੀ ਦੇ ਦੌਰ ਵਿੱਚ ਇਹ ਕਿਸ ਤਰ੍ਹਾਂ ਦਾ ਵਿਕਾਸ ਹੈ। ਉਹਨਾ ਕਿਹਾ ਕਿ ਵਧੀ ਹੋਈ ਤਕਨੀਕ ਨੇ ਕਿਰਤੀ ਦੇ ਹੱਥ ਹੀ ਵਿਹਲੇ ਨਹੀਂ ਕੀਤੇ, ਸਗੋਂ ਮਨੁੱਖ ਦੇ ਮਨਾਂ ਨੂੰ ਵੀ ਗੁਲਾਮ ਕੀਤਾ ਹੈ। ਡਾ. ਸਿਰਸਾ ਨੇ ਜਗਮਗਾਉਂਦੇ ਬਾਜ਼ਾਰ ਦੇ ਹਵਾਲੇ ਨਾਲ ਕਿਹਾ ਕਿ ਭੁੱਖੇ ਢਿੱਡ ਲਈ ਟਹਿਕਦੀਆਂ ਚੀਜ਼ਾਂ ਹਿੰਸਕ ਹੋ ਜਾਂਦੀਆਂ ਹਨ। ਉਹਨਾ ਕਿਹਾ ਕਿ ਜਿੱਥੇ ਸਰਮਾਏਦਾਰੀ ਚਲਾਕ ਹੋ ਰਹੀ ਹੈ, ਉੱਥੇ ਮਜ਼ਦੂਰ ਸਮਝਦਾਰ ਹੋ ਰਿਹਾ ਹੈ। ਸੋ ਅੰਦੋਲਨ ਭਾਵੇਂ ਟੇਢੇ ਹਨ, ਪਰ ਭਵਿੱਖ ਮਜ਼ਦੂਰਾਂ ਦਾ ਹੈ। ਡਾ. ਸਿਰਸਾ ਦੇ ਵਧਾਈ ਸੰਦੇਸ਼ ਤੋਂ ਪਹਿਲਾਂ ਸੀ ਪੀ ਆਈ ਦੇ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਡਾ. ਸੁਖਦੇਵ ਸਿੰਘ ਸਿਰਸਾ ਦੀ ਉੱਚ ਦੁਮਾਲੜੀ ਸ਼ਖ਼ਸੀਅਤ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਕਾਨਫਰੰਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਸੀ ਪੀ ਆਈ ਦੇ ਕੌਮੀ ਸਕੱਤਰ ਬੰਤ ਸਿੰਘ ਬਰਾੜ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਉਨ੍ਹਾ ਏਟਕ ਦੇ ਸ਼ਾਨਾਮੱਤੇ ਇਤਿਹਾਸ ਦੀ ਗੱਲ ਕਰਦਿਆਂ ਗੁਰੂਦਾਸ ਦਾਸ ਗੁਪਤਾ ਤੋਂ ਲੈ ਕੇ ਸੱਤਪਾਲ ਡਾਂਗ ਤੱਕ ਅਨੇਕਾਂ ਆਗੂਆਂ ਨੂੰ ਚੇਤੇ ਕੀਤਾ। ਝੰਡੇ ਦੀ ਰਸਮ ਮੌਕੇ ਨਿਰਮਲ ਸਿੰਘ ਧਾਲੀਵਾਲ ਨੇ ਵੀ ਸੰਬੋਧਨ ਕੀਤਾ। ਸੂਬਾਈ ਕਾਨਫਰੰਸ ਸ਼ੁਰੂ ਹੋਣ ਵੇਲੇ ਵਿਛੋੜਾ ਦੇ ਗਏ ਬਹੁਤ ਸਾਰੇ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸ਼ੋਕ ਮਤਾ ਅਮਰਜੀਤ ਸਿੰਘ ਆਸਲ ਨੇ ਪੇਸ਼ ਕੀਤਾ। ਕਾਨਫਰੰਸ ਦੀ ਪ੍ਰਧਾਨਗੀ ਬੰਤ ਸਿੰਘ ਬਰਾੜ, ਨਿਰਮਲ ਸਿੰਘ ਧਾਲੀਵਾਲ, ਵਿਨੋਦ ਚੁੱਘ, ਜਗਦੀਸ਼ ਸਿੰਘ ਚਾਹਲ, ਦਸਵਿੰਦਰ ਕੌਰ, ਗੁਰਪ੍ਰੀਤ ਸਿੰਘ ਗੰਡੀਵਿੰਡ, ਸੁਖਦੇਵ ਸ਼ਰਮਾ, ਉੱਤਮ ਸਿੰਘ ਤੇ ਕਸ਼ਮੀਰ ਸਿੰਘ ਗਦਾਈਆ ਆਦਿ ਨੇ ਕੀਤੀ।

## ਆੜ੍ਹਤੀ ਨੇ ਗੋਲੀਆਂ ਚਲਾ'ਤੀਆਂ, ਇੱਕ ਮੌਤ...

ਗਿਆ ਸੀ। ਇਸ ਤੋਂ ਇਲਾਵਾ ਉਸ ਨੇ ਨਿੱਜੀ ਸੁਰੱਖਿਆ ਦਾ ਵੀ ਪ੍ਰਬੰਧ ਕੀਤਾ ਹੋਇਆ ਸੀ। ਜਦੋਂ ਉਸ ਦੀ ਕਾਰ ਪਿੰਡ ਮਹਿੰਦੀਪੁਰ ਮੋੜ ਨੇੜੇ ਪੁੱਜੀ ਤਾਂ ਉਸ ਦੇ ਪਿੱਛੇ ਇੱਕ ਹੋਰ ਗੱਡੀ ਆ ਰਹੀ ਸੀ। ਰੇਲਵੇ ਫਾਟਕ ਨੇੜੇ ਉਸ ਨੇ ਉਕਤ ਗੱਡੀ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਇਨ੍ਹਾਂ ਵਿੱਚੋਂ ਗੁਰਸੇਵਕ ਸਿੰਘ ਦੀ ਮੌਤ ਹੋ ਗਈ। ਘਟਨਾ ਤੋਂ ਬਾਅਦ ਕੱਟਾ ਨੇ ਜਨਤਕ ਤੌਰ 'ਤੇ ਲੋਕਾਂ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ ਕਿ ਸੰਬੰਧਤ ਵਿਅਕਤੀ ਫਿਰੌਤੀ ਦੇ ਮਾਮਲੇ ਨਾਲ ਜੁੜੇ ਹੋਏ ਸਨ। ਉਸ ਨੇ ਲੋਕਾਂ ਨੂੰ ਆਪਣੀ ਸੁਰੱਖਿਆ ਖੁਦ ਕਰਨ ਦੀ ਗੱਲ ਵੀ ਕਹੀ। ਉਧਰ, ਘਟਨਾ ਬਾਰੇ ਜਾਣਕਾਰੀ ਲੈਣ ਲਈ ਹਸਪਤਾਲ ਪਹੁੰਚੇ ਸਬ-ਡਵੀਜ਼ਨ ਭਿੱਖੀਵਿੰਡ ਦੇ ਡੀ ਐੱਸ ਪੀ ਅਤੁਲ ਸੋਨੀ ਅਤੇ ਐੱਸ ਪੀ ਸੁਖਨਿੰਦਰ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਨ ਤੋਂ ਗੁਰੇਜ਼ ਕੀਤਾ। ਪੁਲਸ ਦੀ ਜਾਂਚ ਤੋਂ ਬਾਅਦ ਹੀ ਘਟਨਾ ਦੇ ਅਸਲ ਕਾਰਨਾਂ ਬਾਰੇ ਸਥਿਤੀ ਸਪੱਸ਼ਟ ਹੋ ਸਕੇਗੀ।

## ਜਵਾਨੀ ਸੰਤਾਪ ਹੰਢਾ ਰਹੀ ਸੀ, ਮਜੀਠੀਆ ਦੀ ਜਾਇਦਾਦ...

ਕੇਸ ਵਿੱਚ ਸਹਿ-ਦੋਸ਼ੀ ਹਰਪ੍ਰੀਤ ਸਿੰਘ ਗੁਲਾਟੀ ਦੀ ਗ੍ਰਿਫ਼ਤਾਰੀ ਤੋਂ ਬਾਅਦ 27 ਜਨਵਰੀ ਨੂੰ ਸਪਲੀਮੈਂਟਰੀ ਚਲਾਨ ਦਾਇਰ ਕੀਤਾ ਗਿਆ, ਜਦਕਿ ਇਸ ਤੋਂ ਪਹਿਲਾਂ 1 ਨਵੰਬਰ 2025 ਨੂੰ ਵੀ ਇੱਕ ਸਪਲੀਮੈਂਟਰੀ ਚਲਾਨ ਪੇਸ਼ ਕੀਤਾ ਜਾ ਚੁੱਕਾ ਸੀ। ਜਾਂਚ ਅੱਗੇ ਵਧਣ 'ਤੇ ਮਜੀਠੀਆ ਦੇ ਸਾਲੇ ਗਜਪਤ ਸਿੰਘ ਗਰੇਵਾਲ ਦਾ ਨਾਂਅ ਸਾਹਮਣੇ ਆਇਆ, ਜਿਸ ਨੂੰ ਧਾਰਾ 1202 (ਅਪਰਾਧਿਕ ਸਾਜ਼ਿਸ਼) ਤਹਿਤ ਨਾਮਜ਼ਦ ਕੀਤਾ ਗਿਆ ਹੈ। ਪੰਨੂ ਨੇ ਚੇਤੇ ਕਰਵਾਇਆ ਕਿ ਜਗਦੀਸ਼ ਭੋਲਾ ਵੱਲੋਂ ਨਾਂਅ ਲਏ ਜਾਣ ਤੋਂ ਬਾਅਦ ਜਦੋਂ ਤਤਕਾਲੀ ਈ ਡੀ ਅਧਿਕਾਰੀ ਨਿਰੰਜਨ ਸਿੰਘ ਨੇ ਮਜੀਠੀਆ 'ਤੇ ਸ਼ਿਕੰਜਾ ਕੱਸਣਾ ਚਾਹਿਆ, ਤਾਂ ਉਨ੍ਹਾਂ ਦਾ ਰਾਤੋ-ਰਾਤ ਤਬਾਦਲਾ ਕਰਵਾ ਕੇ ਜਾਂਚ ਨੂੰ ਦਬਾਅ ਦਿੱਤਾ ਗਿਆ। ਮਜੀਠੀਆ ਦੇ ਕਰੀਬੀ ਗੁਰਗੇ ਸਤਪ੍ਰੀਤ ਸਿੰਘ ਉਰਫ਼ ਸੱਤਾ ਅਤੇ ਪਰਮਿੰਦਰ ਸਿੰਘ ਉਰਫ਼ ਪਿੰਦੀ, ਜੋ ਸਰਕਾਰੀ ਲਾਲ ਬੱਤੀ ਵਾਲੀਆਂ ਗੱਡੀਆਂ ਵਿੱਚ ਘੁੰਮਦੇ ਸਨ, ਅੱਜ ਕੈਨੇਡਾ ਵਿੱਚ ਛੁਪੇ ਬੈਠੇ ਹਨ। ਮਾਨ ਸਰਕਾਰ ਲਗਾਤਾਰ ਕੇਂਦਰ ਸਰਕਾਰ 'ਤੇ ਦਬਾਅ ਬਣਾ ਰਹੀ ਹੈ ਕਿ 'ਹਵਾਲਗੀ ਸੰਧੀ' ਤਹਿਤ ਉਨ੍ਹਾਂ ਨੂੰ ਭਾਰਤ ਲਿਆ ਕੇ ਪੂਰੇ ਅੰਤਰਰਾਸ਼ਟਰੀ ਡਰੱਗਜ਼ ਰੈਕੇਟ ਦਾ ਪਰਦਾ ਫਾਸ਼ ਕੀਤਾ ਜਾਵੇ। ਉਹਨਾ ਕਿਹਾ ਕਿ ਜੋ ਲੋਕ ਇਸ ਕਾਰਵਾਈ ਨੂੰ 'ਰਾਜਨੀਤਕ ਬਦਲਾਖੋਰੀ' ਦਾ ਨਾਂਅ ਦੇ ਰਹੇ ਸਨ, ਉਹ ਵਿਜੀਲੈਂਸ ਦੇ ਇਹਨਾਂ 40,000 ਪੰਨਿਆਂ ਦੀ ਚਾਰਜਸ਼ੀਟ ਅਤੇ ਕਰੀਬ 300 ਗਵਾਹਾਂ ਦੇ ਬਿਆਨਾਂ ਨੂੰ ਪੜ੍ਹ ਕੇ ਦੇਖ ਲੈਣ, ਪੂਰਾ ਸੱਚ ਸਾਹਮਣੇ ਆ ਜਾਵੇਗਾ। ਉਹਨਾ ਭਾਜਪਾ ਅਤੇ ਅਕਾਲੀ ਦਲ ਵਿਚਕਾਰ ਖਿਚੜੀ ਪੱਕਣ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਨਸ਼ਾ ਖ਼ਾਤਮੇ ਲਈ 31 ਦਸੰਬਰ 2029 ਦੀ ਤਰੀਕ ਤੈਅ ਕਰਨਾ ਅਤੇ ਹਰਸਿਮਰਤ ਕੌਰ ਬਾਦਲ ਵੱਲੋਂ ਦਿੱਲੀ ਦੇ ਹਵਾਲੇ ਨਾਲ ਦਿੱਤੇ ਜਾ ਰਹੇ ਬਿਆਨ ਪੰਜਾਬ ਨੂੰ ਫਿਰ ਤੋਂ ਉਸੇ ਦਲਦਲ ਵਿੱਚ ਧੱਕਣ ਦੀ ਸਾਜ਼ਿਸ਼ ਵੱਲ ਇਸ਼ਾਰਾ ਕਰਦੇ ਹਨ।

## ਸਰੀਂਹ ਦੀ ਪੰਚਾਇਤ ਨੂੰ 51 ਲੱਖ ਦਾ ਚੈੱਕ ਸੌਂਪਿਆ

ਦੋਸ਼ ਲਾਇਆ ਕਿ ਵਿਰੋਧੀ ਪਾਰਟੀਆਂ ਲੋਕਾਂ ਦੇ ਅਸਲ ਮਸਲਿਆਂ ਦੀ ਬਜਾਏ ਪਰਵਾਰਵਾਦ ਅਤੇ ਸਿਆਸੀ ਖਿੱਚੋਤਾਣ ਵਿੱਚ ਉਲਝੀਆਂ ਹੋਈਆਂ ਹਨ। ਮੁੱਖ ਮੰਤਰੀ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਜ਼ਿਕਰ ਕਰਦਿਆਂ ਆਮ ਆਦਮੀ ਪਾਰਟੀ ਦੀ ਸਰਕਾਰ ਮੁੜ ਬਣਨ ਦਾ ਦਾਅਵਾ ਵੀ ਕੀਤਾ। ਇੰਦਰਜੀਤ ਕੌਰ ਮਾਨ ਨੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਨੇ ਮਹੱਤਵਪੂਰਨ ਤਰੱਕੀ ਕੀਤੀ ਹੈ। ਉਨ੍ਹਾ ਦਾਅਵਾ ਕੀਤਾ ਕਿ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਦੀ ਦਰਜਾਬੰਦੀ ਵਿੱਚ ਵੱਡਾ ਸੁਧਾਰ ਹੋਇਆ ਹੈ ਅਤੇ ਇਸ ਦਾ ਸਿਹਰਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਯਤਨਾਂ ਨੂੰ ਜਾਂਦਾ ਹੈ।

## ਝੋਟਾ ਨੂੰ ਇਨਸਾਫ ਦਿਵਾਉਣ ਲਈ ਸਰਕਾਰ ਸੰਜੀਦਾ...

ਮੰਗ ਕੀਤੀ। ਇਸ ਮੌਕੇ ਭੰਮੇ ਕਲਾਂ ਦੇ ਨੌਜਵਾਨ ਦਲਜੀਤ ਸਿੰਘ ਦੀ ਹੋਈ ਮੌਤ ਖਿਲਾਫ ਪੀੜਤ ਪਰਵਾਰ ਤੇ ਪਿੰਡ ਵਾਸੀਆਂ ਵੱਲੋਂ ਕੀਤੇ ਜਾ ਰਹੇ ਸ਼ਾਂਤਮਈ ਰੋਸ ਪ੍ਰਦਰਸ਼ਨ ਦੌਰਾਨ ਪੁਲਸ ਵੱਲੋਂ ਆਮ ਲੋਕਾਂ ਤੇ ਆਗੂਆਂ 'ਤੇ ਲਾਠੀਚਾਰਜ ਕਰਨ ਅਤੇ ਮ੍ਰਿਤਕ ਦੇਹ ਪਰਵਾਰ ਦੀ ਮਰਜ਼ੀ ਦੇ ਉਲਟ ਚੁੱਕ ਕੇ ਲਿਜਾਣ ਦੀ ਨਿਖੇਧੀ ਕੀਤੀ ਗਈ ਤੇ ਡਿਟੇਨ ਕੀਤੇ ਗਏ ਸਾਥੀਆਂ ਨੂੰ ਬਿਨਾਂ ਸ਼ਰਤ ਰਿਹਾਈ ਦੀ ਮੰਗ ਕੀਤੀ ਗਈ।ਸਾਥੀ ਚੌਹਾਨ ਨੇ ਧਰਨੇ ਦੀ ਕਾਮਯਾਬੀ ਲਈ ਆਮ ਲੋਕਾਂ ਨੂੰ ਸ਼ਮੂਲੀਅਤ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਰੂਪ ਸਿੰਘ ਢਿੱਲੋਂ, ਰਤਨ ਭੋਲਾ, ਬੂਟਾ ਸਿੰਘ ਬਰਨਾਲਾ, ਬਲਵੰਤ ਸਿੰਘ ਫੱਕਰ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਭਜਨ ਸਿੰਘ ਆਦਿ ਆਗੂ ਵੀ ਹਾਜ਼ਰ ਸਨ।

## ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਮੂਹਰੇ 31 ਨੂੰ 24 ਘੰਟੇ ਦੇ ਧਰਨੇ

ਤਿਆਰ ਹੋ ਚੁੱਕੇ ਹਨ। ਆਗੂਆਂ ਨੇ ਕਿਹਾ ਕਿ ਇਸ ਤੋਂ ਪਹਿਲਾਂ 30 ਅਕਤੂਬਰ ਨੂੰ ਪੰਜਾਬ ਦੀਆਂ ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ ਤੇ ਹੋਰ ਸੰਘਰਸ਼ਸ਼ੀਲ ਜਥੇਬੰਦੀਆਂ ਦੀ ਹੰਗਾਮੀ ਮੀਟਿੰਗ ਹੋਵੇਗੀ। ਮੀਟਿੰਗ 'ਚ ਸਾਂਝੇ ਸੰਘਰਸ਼ ਨੂੰ ਅੱਗੇ ਵਧਾਉਣ ਅਤੇ ਧਰਨਿਆਂ ਦੀਆਂ ਤਿਆਰੀਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਐਕਸ਼ਨ ਕਮੇਟੀ ਨੇ ਸਪੱਸ਼ਟ ਕੀਤਾ ਕਿ ਕਮੇਟੀ ਅਤੇ ਜਥੇਬੰਦੀਆਂ ਦੇ ਆਗੂਆਂ ਦੀ ਰਿਹਾਈ ਤੱਕ ਸਰਕਾਰ ਨਾਲ ਕੋਈ ਗੱਲਬਾਤ ਨਹੀਂ ਹੋਵੇਗੀ । ਸਾਥੀਆਂ ਦੀ ਰਿਹਾਈ ਨੂੰ ਗੱਲਬਾਤ ਦੀ ਮੁੱਢਲੀ ਸ਼ਰਤ ਰੱਖਦਿਆਂ ਆਗੂਆਂ ਨੇ ਕਿਹਾ ਕਿ ਸਾਰੀਆਂ ਮੰਗਾਂ ਦੀ ਪੂਰਤੀ ਲਈ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ ਫੌਜੀ, ਪਤਨੀ ਮਨਪ੍ਰੀਤ ਕੌਰ, ਐਕਸ਼ਨ ਕਮੇਟੀ ਦੇ ਆਗੂ ਬੋਘ ਸਿੰਘ ਮਾਨਸਾ, ਕ੍ਰਿਸ਼ਨ ਚੌਹਾਨ, ਗੁਰਜੰਟ ਸਿੰਘ, ਹਰਿੰਦਰ ਸਿੰਘ ਮਾਨਸ਼ਾਹੀਆ, ਸੁਖਵਿੰਦਰ ਸਿੰਘ ਔਲਖ, ਗਗਨਦੀਪ ਸਿਰਸੀਵਾਲਾ, ਅਮਨ ਪਟਵਾਰੀ, ਭਾਨਾ ਸਿੱਧੂ, ਰੂਬੀ ਮਾਨਸਾ, ਜਸਵੀਰ ਕੌਰ ਨੱਤ, ਭਗਵੰਤ ਸਮਾਓਂ, ਨਿਰਮਲ ਸਿੰਘ ਝੰਡੂਕੇ, ਮਹਿੰਦਰ ਸਿੰਘ ਭੈਣੀ, ਮਾਨਿਕ ਗੋਇਲ, ਸੁਰਜੀਤ ਸਿੰਘ ਫੂਲ, ਚਮਕੌਰ ਸਿੰਘ, ਧੰਨਾ ਮੱਲ ਗੋਇਲ, ਲਖਵਿੰਦਰ ਸਿੰਘ , ਸੁਰੇਸ਼ ਨੰਦਗੜ੍ਹੀਆ, ਮਨਦੀਪ ਸਿੰਘ ਗੋਰਾ, ਗੁਰਪ੍ਰੀਤ ਸਿੰਘ ਝੱਬਰ, ਗੁਰਮੁੱਖ ਸਿੰਘ, ਮੰਗਾ ਸਿੰਘ, ਸਿਕੰਦਰ ਸਿੰਘ ਖਾਲਸਾ, ਭਜਨ ਘੁੰਮਣ ਤੇ ਤਰਸੇਮ ਸਿੰਘ ਗੋਬਿੰਦਪੁਰਾ ਵੀ ਹਾਜ਼ਰ ਸਨ।

## ਬੁੱਢਾ ਦਰਿਆ ਤੇ ਕਾਲਾ ਸੰਘਿਆਂ ਡਰੇਨ 'ਤੇ ਚਰਚਾ

ਉਹਨਾ ਦੱਸਿਆ ਕਿ ਅਫ਼ਸਰਸ਼ਾਹੀ ਨੇ ਮੁੱਖ ਮੰਤਰੀ ਪੰਜਾਬ ਤੱਕ ਇਹ ਗੱਲ ਪਹੁੰਚਾਈ ਹੀ ਨਹੀਂ।ਕਾਲਾ ਸੰਘਿਆਂ ਡਰੇਨ ਬਾਰੇ ਵੀ ਸੰਤ ਸੀਚੇਵਾਲ ਨੇ ਦੱਸਿਆ ਕਿ ਸਮਾਰਟ ਸਿਟੀ ਪ੍ਰੋਜੈਕਟ ਵਿੱਚੋਂ 28 ਕਰੋੜ ਖਰਚ ਕਰਕੇ ਸ਼ਹਿਰ ਵਿੱਚੋਂ ਲੰਘਦੀ 15 ਕਿਲੋਮੀਟਰ ਕਾਲਾ ਸੰਘਿਆਂ ਡਰੇਨ 'ਤੇ ਪੱਥਰ ਲੱਗ ਚੁੱਕਾ ਹੈ, ਪਰ ਫਿਰ ਵੀ ਗੰਦਾ ਪਾਣੀ ਡਰੇਨ ਵਿੱਚ ਪੈ ਰਿਹਾ ਹੈ। ਡਰੇਨ ਦੀ ਸਾਂਭ-ਸੰਭਾਲ ਲਈ 5 ਕਰੋੜ ਵੱਖਰੇ ਰੱਖੇ ਹਨ। ਸਿੰਚਾਈ ਵਿਭਾਗ ਨੇ ਬਿਸਤ ਦੋਆਬ ਨਹਿਰ ਵਿੱਚੋਂ 100 ਕਿਊਸਿਕ ਪਾਣੀ ਇਸ ਵਿੱਚ ਛੱਡਣਾ ਸੀ, ਪਰ ਅਜੇ ਤੱਕ ਪਾਣੀ ਨਹੀਂ ਛੱਡਿਆ ਜਾ ਰਿਹਾ।ਇਸੇ ਤਰ੍ਹਾਂ ਚਿੱਟੀ ਵੇਈਂ ਵਿੱਚ ਵੀ 200 ਕਿਊਸਿਕ ਪਾਣੀ ਨਿਯਮਤ ਛੱਡਣ ਲਈ 1 ਕਰੋੜ 19 ਲੱਖ ਰੁਪਏ ਖਰਚ ਕਰਕੇ ਰੈਗੂਲੇਟਰ ਬਣਾਇਆ ਗਿਆ ਹੈ। ਪਾਣੀ ਛੱਡਣ ਲਈ ਬਣੇ ਰੈਗੂਲੇਟਰ ਬਣੇ ਨੂੰ ਦੋ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਅਜੇ ਤੱਕ ਵਿਭਾਗ ਨੇ ਨਿਯਮਤ ਚਿੱਟੀ ਵੇਈਂ ਵਿੱਚ ਪਾਣੀ ਛੱਡਣ ਦੀ ਪ੍ਰੀਕ੍ਰਿਆ ਨੂੰ ਸਹੀ ਢੰਗ ਨਾਲ ਅਮਲ ਵਿੱਚ ਨਹੀਂ ਲਿਆਂਦਾ। ਸੀਚੇਵਾਲ ਨੇ ਦੱਸਿਆ ਕਿ ਧੁੱਸੀ ਬੰਨ੍ਹ 'ਤੇ ਗਿੱਦੜਪਿੰਡੀ ਤੋਂ ਫਿਲੌਰ ਤੱਕ 16 ਫੁੱਟ ਚੌੜੀ ਸੜਕ ਬਣਾਉਣੀ ਸੀ, ਪਰ ਡਰੇਨ ਵਿਭਾਗ ਨੇ ਬੰਨ੍ਹ 'ਤੇ ਮਿੱਟੀ ਪਾਉਣ ਦੇ ਮਾਮਲੇ ਵਿੱਚ ਆਪਣਾ ਹੱਥ ਪਿੱਛੇ ਖਿਚ ਲਏ ਹਨ। ਇਹ ਸੜਕ ਮੰਡੀ ਬੋਰਡ ਵੱਲੋਂ ਬਣਾਈ ਜਾਣੀ ਹੈ।

ਸੀਚੇਵਾਲ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ ਮੁੱਖ ਮੰਤਰੀ ਪੰਜਾਬ ਨੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਸੱਦਣ ਦਾ ਫੈਸਲਾ ਕੀਤਾ ਹੈ, ਤਾਂ ਜੋ ਸਾਰੀਆਂ ਸਮੱਸਿਆਵਾਂ ਦਾ ਹੱਲ ਕੱਢਿਆ ਜਾ ਸਕੇ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਨਵਾਂ ਜ਼ਮਾਨਾ
ਵੀਰਵਾਰ, 29 ਅਕਤੂਬਰ 2026

# ਅਤਿਅੰਤ ਚਿੰਤਾਜਨਕ ਰਿਪੋਰਟ

ਹਾਲਾਤ ਏਨੇ ਖਰਾਬ ਹੋ ਗਏ ਹਨ ਕਿ ਮਾਹਰਾਂ ਦੇ ਇੱਕ ਕੌਮਾਂਤਰੀ ਪੈਨਲ ਨੇ ਜਲਵਾਯੂ ਪਰਿਵਰਤਨ ਨੂੰ 'ਗਲੋਬਲ ਸਿਹਤ ਐਮਰਜੈਂਸੀ' ਐਲਾਨਣ ਦੀ ਮੰਗ ਕਰ ਦਿੱਤੀ ਹੈ। ਇਸ ਨੇ ਭਾਰਤ ਵਿੱਚ ਵਧ ਰਹੀਆਂ ਮੌਤਾਂ ਅਤੇ ਜੀਵਨ-ਜਾਚ ਨੂੰ ਖਤਰੇ ਵਿੱਚ ਪਾਉਣ ਦੀ ਚੇਤਾਵਨੀ ਦਿੱਤੀ, ਜਿੱਥੇ 2016 ਅਤੇ 2025 ਦੇ ਵਿਚਕਾਰ ਅੱਧੇ ਹੀਟਵੇਵ ਦਿਨਾਂ ਲਈ ਜਲਵਾਯੂ ਪਰਿਵਰਤਨ ਜ਼ਿੰਮੇਵਾਰ ਸੀ।

ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਪੈਰਿਸ ਜਲਵਾਯੂ ਸਮਝੌਤਾ ਲਾਗੂ ਹੋਣ ਤੋਂ ਬਾਅਦ 2016-25 ਦੌਰਾਨ ਜਲਵਾਯੂ ਪਰਿਵਰਤਨ ਦੇ ਕੁਝ ਸਿਹਤ ਨੁਕਸਾਨ ਪਿਛਲੇ ਦਹਾਕੇ, 2004-15 ਦੇ ਮੁਕਾਬਲੇ ਤੇਜ਼ੀ ਨਾਲ ਵਧੇ ਹਨ, ਪਰ ਗਲੋਬਲ ਵਾਰਮਿੰਗ ਨੂੰ ਰੋਕਣ ਲਈ ਕਾਰਵਾਈਆਂ ਇਸ ਰਫਤਾਰ ਨੂੰ ਠੱਲ੍ਹ ਪਾਉਣ ਵਿੱਚ ਅਸਫਲ ਰਹੀਆਂ ਹਨ। ਪੈਰਿਸ ਸਮਝੌਤੇ ਤੋਂ ਬਾਅਦ ਵਿਸ਼ਵ ਪੱਧਰ 'ਤੇ ਗਰਮੀ ਨਾਲ ਸੰਬੰਧਤ ਸਾਲਾਨਾ ਮੌਤਾਂ ਵਿੱਚ ਲੱਗਭੱਗ 36 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਮਾਹਰਾਂ ਨੇ 'ਦੀ ਲੈਂਸੇਟ ਕਾਊਂਟਡਾਊਨ ਆਨ ਹੈਲਥ ਐਂਡ ਕਲਾਈਮੇਟ ਚੇਂਜ' ਦੀ 10ਵੀਂ ਰਿਪੋਰਟ ਵਿੱਚ ਇਹ ਗੱਲਾਂ ਕਹੀਆਂ ਹਨ। ਇਹ ਰਿਪੋਰਟ ਜਲਵਾਯੂ ਪਰਿਵਰਤਨ ਕਾਰਨ ਪੈਦਾ ਹੋਣ ਵਾਲੇ ਸਿਹਤ ਜੋਖਮਾਂ ਦਾ ਸਾਲਾਨਾ ਵਿਗਿਆਨਕ ਮੁਲਾਂਕਣ ਕਰਦੀ ਹੈ। ਸਿਰਫ 2023 ਦੌਰਾਨ 7,10,000 ਮੌਤਾਂ ਗਰਮੀ ਨਾਲ ਜੁੜੀਆਂ ਹੋਣ ਦਾ ਅਨੁਮਾਨ ਲਗਾਇਆ ਗਿਆ ਸੀ, ਜਿਸ ਵਿੱਚੋਂ 70 ਪ੍ਰਤੀਸ਼ਤ ਤੋਂ ਵੱਧ ਮੌਤਾਂ ਮਨੁੱਖ-ਪ੍ਰੇਰਿਤ ਜਲਵਾਯੂ ਪਰਿਵਰਤਨ ਕਾਰਨ ਹੋਈਆਂ ਸਨ।

ਲੈਂਸੇਟ ਕਾਊਂਟਡਾਊਨ ਦੀ ਕਾਰਜਕਾਰੀ ਨਿਰਦੇਸ਼ਕ ਅਤੇ ਯੂਨੀਵਰਸਿਟੀ ਕਾਲਜ ਲੰਡਨ ਵਿਖੇ ਜਲਵਾਯੂ ਸਿਹਤ ਖੋਜਕਰਤਾ ਮਰੀਨਾ ਰੋਮੇਨੋ ਨੇ ਕਿਹਾ ਹੈ ਕਿ ਪੈਰਿਸ ਜਲਵਾਯੂ ਸਮਝੌਤੇ ਦਾ ਉਦੇਸ਼ ਗਲੋਬਲ ਵਾਰਮਿੰਗ ਨੂੰ ਰੋਕਣ ਦੇ ਯਤਨਾਂ ਦੇ ਹਿੱਸੇ ਵਜੋਂ ਜੈਵਿਕ ਇੰਧਨ ਤੋਂ ਦੂਰ ਜਾਣ ਲਈ ਸਾਰੇ ਦੇਸ਼ਾਂ ਵੱਲੋਂ ਸਮੂਹਕ, ਪਰ ਰਾਸ਼ਟਰੀ ਪੱਧਰ 'ਤੇ ਦ੍ਰਿੜ੍ਹ ਕਾਰਵਾਈਆਂ ਕਰਨਾ ਸੀ। ਸਮਝੌਤੇ ਦਾ ਉਦੇਸ਼ ਔਸਤ ਗਲੋਬਲ ਤਾਪਮਾਨ ਨੂੰ ਪੂਰਵ-ਉਦਯੋਗਿਕ ਪੱਧਰ ਤੋਂ ਡੇਢ ਡਿਗਰੀ ਸੈਂਟੀਗਰੇਡ ਜਾਂ 2 ਡਿਗਰੀ ਸੈਂਟੀਗਰੇਡ ਤੋਂ ਉੱਪਰ ਵਧਣ ਤੋਂ ਰੋਕਣਾ ਸੀ, ਪਰ ਬਿਨਾਂ ਸ਼ੱਕ ਜਲਵਾਯੂ ਪਰਿਵਰਤਨ ਦੇ ਸਿਹਤ ਨੁਕਸਾਨ ਦੁਨੀਆ ਦੇ ਹੁੰਗਾਰੇ ਨਾਲੋਂ ਤੇਜ਼ੀ ਨਾਲ ਵਧ ਰਹੇ ਹਨ। ਇਸ ਰਿਪੋਰਟ ਦੇ ਨਾਲ ਜਾਰੀ ਕੀਤੀ ਗਈ ਭਾਰਤ ਦੀ ਵੱਖਰੀ ਡੈਟਾ ਸ਼ੀਟ ਵਿੱਚ ਕਿਹਾ ਗਿਆ ਹੈ ਕਿ ਲੋਕਾਂ ਨੂੰ 2016 ਅਤੇ 2025 ਦੇ ਵਿਚਕਾਰ ਬਾਹਰੀ ਗਤੀਵਿਧੀਆਂ ਦੌਰਾਨ ਸਾਲਾਨਾ 2,600 ਘੰਟੇ ਤੋਂ ਵੱਧ ਦਰਮਿਆਨੀ ਜਾਂ ਵੱਧ ਗਰਮੀ ਦੇ ਤਣਾਅ ਦੇ ਜੋਖਮ ਦਾ ਸਾਹਮਣਾ ਕਰਨਾ ਪਿਆ, ਜੋ ਕਿ 1990 ਦੇ ਦਹਾਕੇ ਦੀ ਔਸਤ ਨਾਲੋਂ ਲੱਗਭੱਗ 200 ਘੰਟੇ ਵੱਧ ਹੈ।

2021-25 ਦੌਰਾਨ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਭਾਰਤੀਆਂ ਵਿੱਚ ਗਰਮੀ ਨਾਲ ਹੋਣ ਵਾਲੀਆਂ ਮੌਤਾਂ ਦੀ ਕੀਮਤ 33.8 ਅਰਬ ਡਾਲਰ ਸਾਲਾਨਾ ਸੀ, ਜੋ ਕਿ 2000-04 ਤੋਂ 205 ਪ੍ਰਤੀਸ਼ਤ ਵੱਧ ਹੈ। ਭਾਰਤ ਵਿੱਚ ਗਰਮੀ ਦੇ ਸੰਪਰਕ ਕਾਰਨ 2016-25 ਦੌਰਾਨ ਔਸਤਨ 193 ਅਰਬ ਸੰਭਾਵੀ ਕਿਰਤ ਘੰਟੇ ਸਾਲਾਨਾ ਨੁਕਸਾਨ ਹੋਇਆ, ਜੋ ਕਿ 1990 ਦੇ ਦਹਾਕੇ ਨਾਲੋਂ ਲੱਗਭੱਗ 75 ਪ੍ਰਤੀਸ਼ਤ ਵੱਧ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਿਰਤ ਸਮਰੱਥਾ ਵਿੱਚ ਕਮੀ ਕਾਰਨ 2025 ਵਿੱਚ ਸੰਭਾਵੀ ਕਮਾਈ ਵਿੱਚ ਅੰਦਾਜ਼ਨ 174 ਅਰਬ ਡਾਲਰ ਦਾ ਨੁਕਸਾਨ ਹੋਇਆ, ਜੋ ਕਿ ਜੀ ਡੀ ਪੀ ਦਾ 4.2 ਪ੍ਰਤੀਸ਼ਤ ਹੈ। ਰਿਪੋਰਟ ਮੁਤਾਬਕ ਜਦੋਂ ਕਿ ਸਾਫ ਊਰਜਾ, ਸਿਹਤ ਪ੍ਰਣਾਲੀਆਂ ਦੀ ਤਿਆਰੀ ਅਤੇ ਸਿਹਤ ਸੁਰੱਖਿਆ ਨਿਯਮਾਂ 'ਤੇ ਹੋਈ ਤਰੱਕੀ ਸਥਾਨਕ ਭਾਈਚਾਰਿਆਂ ਨੂੰ ਲਾਭ ਪਹੁੰਚਾ ਰਹੀ ਹੈ, ਇਹ ਤਰੱਕੀ ਬਹੁਤ ਹੌਲੀ, ਬਹੁਤ ਛੋਟੀ ਰਹੀ ਹੈ, ਅਤੇ ਉਨ੍ਹਾਂ ਲੋਕਾਂ ਤੱਕ ਨਹੀਂ ਪਹੁੰਚ ਰਹੀ, ਜਿਨ੍ਹਾਂ ਨੂੰ ਇਸ ਦੀ ਸਭ ਤੋਂ ਵੱਧ ਲੋੜ ਹੈ। ਇਸੇ ਕਰਕੇ ਜਲਵਾਯੂ ਪਰਿਵਰਤਨ ਨੂੰ ਰਸਮੀ ਤੌਰ 'ਤੇ ਇੱਕ ਵਿਸ਼ਵਵਿਆਪੀ ਸਿਹਤ ਐਮਰਜੈਂਸੀ ਵਜੋਂ ਮਾਨਤਾ ਦੇਣ ਦੀ ਲੋੜ ਹੈ, ਜਿਸ ਵਿੱਚ ਸਿਹਤ ਨੂੰ ਹਰ ਜਲਵਾਯੂ ਫੈਸਲੇ ਦੇ ਕੇਂਦਰ ਵਿੱਚ ਰੱਖਿਆ ਜਾਵੇ।

ਇਸ ਰਿਪੋਰਟ ਨੇ ਮੁੜ ਉਭਾਰਿਆ ਹੈ ਕਿ ਹਾਕਮ ਤਰੱਕੀ ਦੇ ਨਾਂਅ 'ਤੇ ਜਲਵਾਯੂ ਨੂੰ ਦਾਅ 'ਤੇ ਲਾ ਰਹੇ ਹਨ। ਉਹ ਖਤਰਨਾਕ ਗੈਸਾਂ ਛੱਡਣ ਵਾਲੇ ਕਾਰਖਾਨਿਆਂ ਤੇ ਪਲਾਂਟਾਂ ਦੀ ਗਿਣਤੀ ਘਟਾ ਕੇ ਸਾਫ ਊਰਜਾ ਵੱਲ ਨੂੰ ਲੋੜੀਂਦੇ ਕਦਮ ਨਹੀਂ ਪੁੱਟ ਰਹੇ। ਇਸ ਦਾ ਖਮਿਆਜ਼ਾ ਆਖਰ ਗਰੀਬਾਂ ਨੂੰ ਭੁਗਤਣਾ ਪੈ ਰਿਹਾ ਹੈ, ਜਿਨ੍ਹਾਂ ਨੂੰ ਗਰਮੀਆਂ ਵਿੱਚ ਵੀ ਖੁੱਲ੍ਹੇ ਆਸਮਾਨ ਹੇਠ ਕੰਮ ਕਰਨਾ ਪੈਂਦਾ ਹੈ।

## ਰਾਮ ਪਿਆਰੀ !

ਬੰਦਾ ਕਰਦਾ ਹੈ ਹਰ ਕੋਈ ਗੋਲ ਗੱਲਾਂ,
ਕਿਉਂਕਿ ਦੁਨੀਆਂਦਾਰੀ ਦਾ ਮਾਮਲਾ ਹੈ।
ਸੱਚ ਬਦਲੇ ਨਾ ਚੌਧਰਾਂ ਖੁਸ ਜਾਵਣ,
ਸ਼ੋਹਰਤ ਲਈ ਉਧਾਰੀ ਦਾ ਮਾਮਲਾ ਹੈ।
ਸੋਸ਼ਲ ਮੀਡੀਆ ਕੰਨਾਂ ਨੂੰ ਭਰੀ ਜਾਂਦਾ,
ਕੰਨ-ਰਸੀ ਬੀਮਾਰੀ ਦਾ ਮਾਮਲਾ ਹੈ।
ਇਸੇ ਕਰਕੇ ਜੰਗਲ ਹੋ ਗਏ ਖਾਲੀ,
ਸ਼ਿਕਾਰ ਅਤੇ ਸ਼ਿਕਾਰੀ ਦਾ ਮਾਮਲਾ ਹੈ।
ਦੂਰ ਬੈਠ ਕੇ ਰੋਟੀਆਂ ਸੇਕਦੇ ਨੇ,
ਉੱਚੀ ਕੰਧ ਸਰਕਾਰੀ ਦਾ ਮਾਮਲਾ ਹੈ।
ਨਹੀਂ ਕੋਈ ਵੀ ਝੂਠ ਨੂੰ ਝੂਠ ਕਹਿੰਦਾ,
ਰਾਮ ਪਿਆਰੀ ਦਾ ਮਾਮਲਾ ਹੈ।

-ਗੁਲਪੁਰ

# ਕੇਂਦਰ ਦੇ ਵਾਅਦਿਆਂ 'ਚ ਪੰਜਾਬ ਦਾ ਕਿਸਾਨ ਕਿੱਥੇ ਖੜ੍ਹੈ



ਗੁਰਪ੍ਰੀਤ ਲਾਹੌਰੀ

ਦੇਸ਼ ਦੀ ਵੱਡੀ ਆਬਾਦੀ ਦੀ ਰੋਜ਼ੀ-ਰੋਟੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਖੇਤੀਬਾੜੀ ਅਤੇ ਇਸ ਨਾਲ ਜੁੜੇ ਕਿੱਤਿਆਂ ਉੱਤੇ ਨਿਰਭਰ ਕਰਦੀ ਹੈ। ਪੰਜਾਬ ਵਰਗੇ ਖੇਤੀ ਪ੍ਰਧਾਨ ਸੂਬੇ ਵਿੱਚ ਤਾਂ ਕਿਸਾਨੀ ਸਿਰਫ਼ ਇੱਕ ਕਿੱਤਾ ਹੀ ਨਹੀਂ, ਸਗੋਂ ਜੀਵਨ-ਜਾਚ, ਸੱਭਿਆਚਾਰ ਅਤੇ ਸਮਾਜਿਕ ਪਛਾਣ ਦਾ ਵੀ ਅਹਿਮ ਹਿੱਸਾ ਹੈ। ਕਿਸਾਨ ਆਪਣੀ ਮਿਹਨਤ ਨਾਲ ਦੇਸ਼ ਲਈ ਅਨਾਜ ਪੈਦਾ ਕਰਦੇ ਹਨ, ਪਰ ਅਫ਼ਸੋਸ ਇਹ ਹੈ ਕਿ ਅਨਾਜ ਪੈਦਾ ਕਰਨ ਵਾਲਾ ਇਹ ਵਰਗ ਖ਼ੁਦ ਆਰਥਿਕ ਅਸੁਰੱਖਿਆ, ਵਧਦੀਆਂ ਲਾਗਤਾਂ ਅਤੇ ਕਰਜ਼ੇ ਦੀਆਂ ਮੁਸ਼ਕਲਾਂ ਨਾਲ ਜੂਝ ਰਿਹਾ ਹੈ।

ਕਿਸਾਨਾਂ ਦੀ ਆਮਦਨ ਬਾਰੇ ਜਦੋਂ ਸਰਕਾਰੀ ਅੰਕੜਿਆਂ ਅਤੇ ਜ਼ਮੀਨੀ ਹਕੀਕਤ ਦੀ ਤੁਲਨਾ ਕੀਤੀ ਜਾਂਦੀ ਹੈ, ਤਾਂ ਕਈ ਸਵਾਲ ਸਾਹਮਣੇ ਆਉਂਦੇ ਹਨ। ਇੱਕ ਪਾਸੇ ਖੇਤੀਬਾੜੀ ਨੂੰ ਆਧੁਨਿਕ ਬਣਾਉਣ, ਕਿਸਾਨਾਂ ਦੀ ਆਮਦਨ ਵਧਾਉਣ ਅਤੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ, ਜਦੋਂਕਿ ਦੂਜੇ ਪਾਸੇ ਛੋਟੇ ਕਿਸਾਨਾਂ ਨੂੰ ਪਰਵਾਰ ਦਾ ਗੁਜ਼ਾਰਾ ਚਲਾਉਣ, ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਚੁੱਕਣ ਅਤੇ ਖੇਤੀ ਲਈ ਲੋੜੀਂਦੀ ਪੂੰਜੀ ਜੁਟਾਉਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਕਿਸਾਨਾਂ ਦੀ ਆਮਦਨ ਬਾਰੇ ਚਰਚਾ ਕਰਦਿਆਂ ਨਾਬਾਰਡ ਅਤੇ ਹੋਰ ਸਰਕਾਰੀ ਸੰਸਥਾਵਾਂ ਦੇ ਸਰਵੇਖਣਾਂ ਦਾ ਹਵਾਲਾ ਦਿੱਤਾ ਜਾਂਦਾ ਹੈ। ਕੁਝ ਰਿਪੋਰਟਾਂ ਅਤੇ ਮੀਡੀਆ ਵਿੱਚ ਪ੍ਰਕਾਸ਼ਤ ਅੰਕੜਿਆਂ ਅਨੁਸਾਰ ਪੰਜਾਬ ਦੇ ਕਿਸਾਨ ਪਰਵਾਰ ਦੀ ਔਸਤ ਮਾਸਿਕ ਆਮਦਨ ਲਗਭਗ 31,433 ਰੁਪਏ ਦੱਸੀ ਗਈ ਹੈ, ਪਰ ਕਿਸੇ ਵੀ ਅੰਕੜੇ ਨੂੰ ਸਮਝਣ ਲਈ ਇਹ ਜਾਣਨਾ ਲਾਜ਼ਮੀ ਹੈ ਕਿ ਉਹ ਕਿਹੜੇ ਸਾਲ ਦਾ ਹੈ, ਕਿਹੜੇ ਸਰਵੇਖਣ ਉੱਤੇ ਆਧਾਰਤ ਹੈ ਅਤੇ ਉਸ ਵਿੱਚ ਆਮਦਨ ਦੀ ਗਣਨਾ ਕਿਹੜੇ ਤਰੀਕੇ ਨਾਲ ਕੀਤੀ ਗਈ ਹੈ।

ਔਸਤ ਆਮਦਨ ਦਾ ਅਰਥ ਇਹ ਨਹੀਂ ਕਿ ਹਰ ਕਿਸਾਨ ਪਰਵਾਰ ਨੂੰ ਹਰ ਮਹੀਨੇ ਏਨੀ ਹੀ ਰਕਮ ਮਿਲਦੀ ਹੈ। ਕਿਸੇ ਵੱਡੇ ਕਿਸਾਨ ਦੀ ਆਮਦਨ ਜ਼ਿਆਦਾ ਹੋ ਸਕਦੀ ਹੈ, ਜਦੋਂਕਿ ਦੋ ਜਾਂ ਤਿੰਨ ਏਕੜ ਜ਼ਮੀਨ ਵਾਲੇ ਕਿਸਾਨ ਦੀ ਆਮਦਨ ਇਸ ਤੋਂ ਕਾਫ਼ੀ ਘੱਟ ਹੋ ਸਕਦੀ ਹੈ। ਇਸ ਤੋਂ ਇਲਾਵਾ ਕਈ ਸਰਵੇਖਣਾਂ ਵਿੱਚ ਖੇਤੀਬਾੜੀ ਦੇ ਨਾਲ ਪਸ਼ੂ ਪਾਲਣ, ਮਜ਼ਦੂਰੀ ਅਤੇ ਹੋਰ ਸਹਾਇਕ ਕਿੱਤਿਆਂ ਤੋਂ ਹੋਣ ਵਾਲੀ ਆਮਦਨ ਵੀ ਸ਼ਾਮਲ ਹੁੰਦੀ ਹੈ। ਇਸ ਲਈ ਕੁੱਲ ਆਮਦਨ ਅਤੇ ਸਿਰਫ਼ ਖੇਤੀ ਤੋਂ ਹੋਣ ਵਾਲੀ ਆਮਦਨ ਵਿਚਲਾ ਅੰਤਰ ਸਮਝਣਾ ਜ਼ਰੂਰੀ ਹੈ।

ਕਿਸਾਨ ਦੀ ਅਸਲ ਆਰਥਿਕ ਸਥਿਤੀ ਦਾ ਮੁਲਾਂਕਣ ਕਰਦਿਆਂ ਖਾਦਾਂ, ਬੀਜਾਂ, ਕੀਟਨਾਸ਼ਕਾਂ, ਡੀਜ਼ਲ, ਬਿਜਲੀ, ਸਿੰਚਾਈ, ਮਸ਼ੀਨਰੀ, ਮਜ਼ਦੂਰੀ ਅਤੇ ਜ਼ਮੀਨ ਦੀ ਸੰਭਾਲ ਉੱਤੇ ਹੋਣ ਵਾਲੇ ਖ਼ਰਚੇ ਵੀ ਗਿਣਨੇ ਚਾਹੀਦੇ ਹਨ। ਫ਼ਸਲ ਵੇਚ ਕੇ ਮਿਲੀ ਸਾਰੀ ਰਕਮ ਕਿਸਾਨ ਦਾ ਮੁਨਾਫ਼ਾ ਨਹੀਂ ਹੁੰਦੀ। ਪਹਿਲਾਂ ਉਸ ਨੂੰ ਖੇਤੀ ਉੱਤੇ ਲੱਗੀ ਪੂੰਜੀ ਅਤੇ ਹੋਰ ਖ਼ਰਚੇ ਪੂਰੇ ਕਰਨੇ ਪੈਂਦੇ ਹਨ। ਇਸ ਤੋਂ ਬਾਅਦ ਬਚੀ ਰਕਮ ਵਿੱਚੋਂ ਪਰਵਾਰ ਦਾ ਗੁਜ਼ਾਰਾ, ਸਿਹਤ, ਸਿੱਖਿਆ ਅਤੇ ਕਰਜ਼ੇ ਦੀਆਂ ਕਿਸ਼ਤਾਂ ਦਾ ਭੁਗਤਾਨ ਕਰਨਾ ਪੈਂਦਾ ਹੈ।

ਇਹੀ ਕਾਰਨ ਹੈ ਕਿ ਕਿਸਾਨ ਯੂਨੀਅਨਾਂ ਅਤੇ ਖੇਤੀ ਮਾਹਰ ਅਕਸਰ ਕਿਸਾਨਾਂ ਦੀ ਆਮਦਨ ਦੇ ਅੰਕੜਿਆਂ ਦੇ ਨਾਲ ਖੇਤੀ ਲਾਗਤਾਂ, ਕਰਜ਼ੇ ਅਤੇ ਘਰੇਲੂ ਖ਼ਰਚਿਆਂ ਦੀ ਵੀ ਜਾਂਚ ਕਰਨ ਦੀ ਮੰਗ ਕਰਦੇ ਹਨ। ਅਸਲ ਸਵਾਲ ਇਹ ਨਹੀਂ ਕਿ ਕਿਸਾਨ ਦੇ ਖਾਤੇ ਵਿੱਚ ਕਿੰਨੀ ਰਕਮ ਆਈ, ਸਗੋਂ ਇਹ ਹੈ ਕਿ ਸਾਰੇ ਖ਼ਰਚੇ ਕੱਢਣ ਤੋਂ ਬਾਅਦ ਉਸ ਕੋਲ ਕਿੰਨੀ ਰਕਮ ਬਚੀ?

ਪੰਜਾਬ ਦੀ ਖੇਤੀ ਵਿੱਚ ਵੱਡੇ ਕਿਸਾਨਾਂ ਦੇ ਨਾਲ-ਨਾਲ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਵੀ ਵੱਡੀ ਭੂਮਿਕਾ ਹੈ। ਥੋੜ੍ਹੀ ਜ਼ਮੀਨ ਵਾਲੇ ਕਿਸਾਨਾਂ ਲਈ ਖੇਤੀ ਤੋਂ ਹੋਣ ਵਾਲੀ ਆਮਦਨ ਨਾਲ ਪਰਵਾਰ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨਾ ਅਕਸਰ ਮੁਸ਼ਕਲ ਹੋ ਜਾਂਦਾ ਹੈ। ਉਨ੍ਹਾਂ ਨੂੰ ਖੇਤੀ ਦੇ ਨਾਲ ਮਜ਼ਦੂਰੀ ਜਾਂ ਹੋਰ ਛੋਟੇ-ਮੋਟੇ ਕੰਮ ਵੀ ਕਰਨੇ ਪੈਂਦੇ ਹਨ।

ਇਸ ਤੋਂ ਇਲਾਵਾ ਛੋਟੇ ਕਿਸਾਨਾਂ ਕੋਲ ਅਕਸਰ ਅਚਾਨਕ ਪੈਦਾ ਹੋਣ ਵਾਲੀਆਂ ਲੋੜਾਂ ਲਈ ਬਚਤ ਘੱਟ ਹੁੰਦੀ ਹੈ। ਪਰਵਾਰ ਵਿੱਚ ਬਿਮਾਰੀ, ਵਿਆਹ, ਬੱਚਿਆਂ ਦੀ ਉੱਚ ਸਿੱਖਿਆ ਜਾਂ ਘਰ ਦੀ ਮੁਰੰਮਤ ਵਰਗੇ ਖ਼ਰਚਿਆਂ ਲਈ ਉਨ੍ਹਾਂ ਨੂੰ ਕਰਜ਼ਾ ਲੈਣਾ ਪੈ ਸਕਦਾ ਹੈ। ਇਸ ਤਰ੍ਹਾਂ ਖੇਤੀ ਨਾਲ ਜੁੜੀਆਂ ਮੁਸ਼ਕਲਾਂ ਹੌਲੀ-ਹੌਲੀ ਪਰਵਾਰ ਦੀ ਸਮੁੱਚੀ ਆਰਥਿਕ ਸਥਿਤੀ ਉੱਤੇ ਅਸਰ ਪਾਉਣ ਲੱਗਦੀਆਂ ਹਨ।

ਪਿਛਲੇ ਸਾਲਾਂ ਦੌਰਾਨ ਖੇਤੀ ਲਈ ਵਰਤੀਆਂ ਜਾਣ ਵਾਲੀਆਂ ਕਈ ਵਸਤਾਂ ਦੀਆਂ ਕੀਮਤਾਂ ਵਿੱਚ ਵਾਧੇ ਨੇ ਕਿਸਾਨਾਂ ਦੀ ਆਰਥਿਕਤਾ ਉੱਤੇ ਦਬਾਅ ਵਧਾਇਆ ਹੈ। ਡੀਜ਼ਲ, ਖਾਦਾਂ, ਬੀਜਾਂ, ਕੀਟਨਾਸ਼ਕਾਂ, ਖੇਤੀ ਮਸ਼ੀਨਰੀ ਦੇ ਪੁਰਜ਼ਿਆਂ ਅਤੇ ਮਜ਼ਦੂਰੀ ਦਾ ਖ਼ਰਚਾ ਕਿਸਾਨ ਦੀ ਲਾਗਤ ਦਾ ਵੱਡਾ ਹਿੱਸਾ ਬਣਦਾ ਹੈ। ਇਸ ਦੇ ਉਲਟ, ਫ਼ਸਲਾਂ ਦੇ ਭਾਅ ਵਿੱਚ ਹੋਣ ਵਾਲਾ ਵਾਧਾ ਹਰ ਵਾਰ ਖੇਤੀ ਲਾਗਤਾਂ ਦੇ ਵਾਧੇ ਦੇ ਬਰਾਬਰ ਨਹੀਂ ਹੁੰਦਾ।

ਜੇਕਰ ਕਿਸਾਨ ਦੀ ਫ਼ਸਲ ਦੀ ਪੈਦਾਵਾਰ ਘੱਟ ਹੋ ਜਾਵੇ ਜਾਂ ਮੰਡੀ ਵਿੱਚ ਭਾਅ ਡਿੱਗ ਜਾਵੇ, ਤਾਂ ਉਸ ਦਾ ਮੁਨਾਫ਼ਾ ਹੋਰ ਘੱਟ ਜਾਂਦਾ ਹੈ। ਕਈ ਵਾਰ ਕਿਸਾਨ ਨੂੰ ਫ਼ਸਲ ਵੇਚਣ ਤੋਂ ਮਿਲੀ ਰਕਮ ਵਿੱਚੋਂ ਪੁਰਾਣੇ ਕਰਜ਼ੇ ਦੀ ਅਦਾਇਗੀ ਕਰਨੀ ਪੈਂਦੀ ਹੈ ਅਤੇ ਅਗਲੀ ਫ਼ਸਲ ਲਈ ਨਵੀਂ ਪੂੰਜੀ ਵੀ ਜੁਟਾਉਣੀ ਪੈਂਦੀ ਹੈ। ਇਸ ਤਰ੍ਹਾਂ ਉਹ ਇੱਕ ਫ਼ਸਲ ਤੋਂ ਦੂਜੀ ਫ਼ਸਲ ਤੱਕ ਕਰਜ਼ੇ ਅਤੇ ਖ਼ਰਚਿਆਂ ਦੇ ਚੱਕਰ ਵਿੱਚ ਫਸਿਆ ਰਹਿ ਸਕਦਾ ਹੈ।

ਕੇਂਦਰ ਸਰਕਾਰ ਵੱਲੋਂ ਸਾਲ 2016 ਵਿੱਚ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਰੱਖਿਆ ਗਿਆ ਸੀ। ਇਹ ਐਲਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤਾ ਗਿਆ ਸੀ। ਇਸ ਟੀਚੇ ਦੀ ਪ੍ਰਾਪਤੀ ਦਾ ਮੁਲਾਂਕਣ ਕਰਦਿਆਂ ਸਿਰਫ਼ ਕੁੱਲ ਆਮਦਨ ਦੀ ਬਜਾਏ ਮਹਿੰਗਾਈ ਨੂੰ ਧਿਆਨ ਵਿੱਚ ਰੱਖ ਕੇ ਅਸਲ ਆਮਦਨ, ਖੇਤੀ ਲਾਗਤਾਂ ਅਤੇ ਕਿਸਾਨ ਪਰਵਾਰਾਂ ਦੀ ਖ਼ਰੀਦ ਸ਼ਕਤੀ ਦਾ ਅਧਿਐਨ ਕਰਨਾ ਜ਼ਰੂਰੀ ਹੈ। ਕਿਸਾਨਾਂ ਦੀ ਆਰਥਕ ਤਰੱਕੀ ਦਾ ਸਹੀ ਮਾਪਦੰਡ ਇਹ ਹੋਣਾ ਚਾਹੀਦਾ ਹੈ ਕਿ ਸਾਰੇ ਖ਼ਰਚੇ ਕੱਢਣ ਤੋਂ ਬਾਅਦ ਉਨ੍ਹਾਂ ਦੀ ਆਮਦਨ ਵਿੱਚ ਕਿੰਨਾ ਵਾਧਾ ਹੋਇਆ ਹੈ।

ਕਰਜ਼ੇ ਦੀਆਂ ਆਪਣੀਆਂ ਸ਼ਰਤਾਂ ਹੁੰਦੀਆਂ ਹਨ, ਜਦੋਂਕਿ ਗ਼ੈਰ-ਸਰਕਾਰੀ ਕਰਜ਼ੇ ਉੱਤੇ ਵਿਆਜ ਦੀ ਦਰ ਕਈ ਵਾਰ ਵਧੇਰੇ ਹੋ ਸਕਦੀ ਹੈ। ਜੇਕਰ ਫ਼ਸਲ ਖ਼ਰਾਬ ਹੋ ਜਾਵੇ, ਮੰਡੀ ਵਿੱਚ ਭਾਅ ਘੱਟ ਮਿਲੇ ਜਾਂ ਕੋਈ ਕੁਦਰਤੀ ਆਫ਼ਤ ਆ ਜਾਵੇ, ਤਾਂ ਕਿਸਾਨ ਲਈ ਕਰਜ਼ਾ ਵਾਪਸ ਕਰਨਾ ਔਖਾ ਹੋ ਜਾਂਦਾ ਹੈ। ਕਰਜ਼ੇ ਦਾ ਇਹ ਦਬਾਅ ਕਈ ਵਾਰ ਕਿਸਾਨ ਅਤੇ ਉਸ ਦੇ ਪਰਵਾਰ ਨੂੰ ਗੰਭੀਰ ਮਾਨਸਿਕ ਤਣਾਅ ਵੱਲ ਧੱਕ ਸਕਦਾ ਹੈ। ਪੰਜਾਬ ਸਮੇਤ ਦੇਸ਼ ਦੇ ਵੱਖ-ਵੱਖ ਖੇਤੀਬਾੜੀ ਖੇਤਰਾਂ ਵਿੱਚ ਕਿਸਾਨ ਖੁਦਕੁਸ਼ੀਆਂ ਦੀਆਂ ਘਟਨਾਵਾਂ ਸਮਾਜ ਲਈ ਡੂੰਘੀ ਚਿੰਤਾ ਦਾ ਵਿਸ਼ਾ ਹਨ।

ਪੰਜਾਬ ਦੀ ਖੇਤੀ ਨੇ ਦੇਸ਼ ਦੀ ਅਨਾਜ ਸੁਰੱਖਿਆ ਵਿੱਚ ਇਤਿਹਾਸਕ ਯੋਗਦਾਨ ਪਾਇਆ ਹੈ। ਹਰੀ ਕ੍ਰਾਂਤੀ ਤੋਂ ਬਾਅਦ ਕਣਕ ਅਤੇ ਝੋਨੇ ਦੀ ਪੈਦਾਵਾਰ ਵਿੱਚ ਵੱਡਾ ਵਾਧਾ ਹੋਇਆ, ਪਰ ਇਸ ਖੇਤੀ ਮਾਡਲ ਨਾਲ ਕੁਝ ਵਾਤਾਵਰਣਕ ਚੁਣੌਤੀਆਂ ਵੀ ਸਾਹਮਣੇ ਆਈਆਂ ਹਨ। ਧਰਤੀ ਹੇਠਲੇ ਪਾਣੀ ਦਾ ਡਿੱਗਦਾ ਪੱਧਰ ਇਨ੍ਹਾਂ ਵਿੱਚੋਂ ਸਭ ਤੋਂ ਗੰਭੀਰ ਹੈ। ਕਈ ਖੇਤਰਾਂ ਵਿੱਚ ਸਿੰਚਾਈ ਲਈ ਵੱਧ ਪਾਣੀ ਦੀ ਲੋੜ ਕਾਰਨ ਟਿਊਬਵੈੱਲਾਂ ਨੂੰ ਹੋਰ ਡੂੰਘਾ ਕਰਨਾ ਪੈਂਦਾ ਹੈ, ਜਿਸ ਨਾਲ ਕਿਸਾਨਾਂ ਦੇ ਖ਼ਰਚੇ ਵਧਦੇ ਹਨ।

ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਅਸੰਤੁਲਿਤ ਵਰਤੋਂ ਮਿੱਟੀ ਦੀ ਸਿਹਤ, ਪਾਣੀ ਦੀ ਗੁਣਵੱਤਾ ਅਤੇ ਖੇਤੀ ਦੇ ਲੰਮੇ ਸਮੇਂ ਦੇ ਟਿਕਾਊਪਣ ਲਈ ਚੁਣੌਤੀ ਬਣ ਸਕਦੀ ਹੈ। ਹਾਲਾਂਕਿ ਮਿੱਟੀ ਦੀ ਖ਼ਰਾਬੀ ਜਾਂ ਕਿਸੇ ਬਿਮਾਰੀ ਦਾ ਕਾਰਨ ਸਿਰਫ਼ ਇੱਕ ਖੇਤੀ ਤਰੀਕੇ ਨੂੰ ਨਹੀਂ ਮੰਨਿਆ ਜਾ ਸਕਦਾ, ਪਰ ਵਿਗਿਆਨਕ ਸਿਫ਼ਾਰਸ਼ਾਂ ਅਨੁਸਾਰ ਖਾਦਾਂ ਦੀ ਵਰਤੋਂ, ਮਿੱਟੀ ਦੀ ਜਾਂਚ ਅਤੇ ਕੀਟ ਪ੍ਰਬੰਧਨ ਦੀਆਂ ਸੁਧਰੀਆਂ ਤਕਨੀਕਾਂ ਅਪਣਾਉਣਾ ਲਾਜ਼ਮੀ ਹੈ।

ਇਸ ਤੋਂ ਇਲਾਵਾ ਬੇਮੌਸਮੀ ਬਾਰਿਸ਼, ਗੜ੍ਹੇਮਾਰੀ, ਗਰਮੀ ਦੀਆਂ ਲਹਿਰਾਂ ਅਤੇ ਹੜ੍ਹ ਕਿਸਾਨਾਂ ਦੀ ਫ਼ਸਲ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਖ਼ਾਸ ਕਰਕੇ ਜਦੋਂ ਫ਼ਸਲ ਪੱਕਣ ਦੇ ਨੇੜੇ ਹੋਵੇ, ਤਾਂ ਮੌਸਮ ਦੀ ਇੱਕ ਵੱਡੀ ਘਟਨਾ ਕਿਸਾਨ ਦੀ ਸਾਰੀ ਸਾਲਾਨਾ ਆਮਦਨ ਨੂੰ ਪ੍ਰਭਾਵਤ ਕਰ ਸਕਦੀ ਹੈ। ਮੁਆਵਜ਼ਾ ਮਿਲਣ ਵਿੱਚ ਦੇਰੀ ਜਾਂ ਨੁਕਸਾਨ ਦਾ ਅਧੂਰਾ ਮੁਲਾਂਕਣ ਕਿਸਾਨ ਦੀ ਮੁਸ਼ਕਲ ਹੋਰ ਵਧਾ ਦਿੰਦਾ ਹੈ। ਇਨ੍ਹਾਂ ਚੁਣੌਤੀਆਂ ਦਾ ਹੱਲ ਫ਼ਸਲੀ ਵਿਭਿੰਨਤਾ, ਪਾਣੀ ਦੀ ਬੱਚਤ, ਤੁਪਕਾ ਅਤੇ ਫੁਹਾਰਾ ਸਿੰਚਾਈ, ਮਿੱਟੀ ਦੀ ਸਿਹਤ ਦੀ ਸੰਭਾਲ, ਪ੍ਰਭਾਵਸ਼ਾਲੀ ਫ਼ਸਲ ਬੀਮਾ ਅਤੇ ਕੁਦਰਤੀ ਆਫ਼ਤਾਂ ਤੋਂ ਬਾਅਦ ਸਮੇਂ ਸਿਰ ਮੁਆਵਜ਼ੇ ਵਿੱਚ ਲੁਕਿਆ ਹੋਇਆ ਹੈ।

ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਖੇਤੀਬਾੜੀ ਦੀਆਂ ਸਥਿਤੀਆਂ ਇੱਕੋ ਜਿਹੀਆਂ ਨਹੀਂ ਹਨ। ਪੰਜਾਬ ਅਤੇ ਹਰਿਆਣਾ ਵਿੱਚ ਕਣਕ ਅਤੇ ਝੋਨੇ ਦੀ ਸਰਕਾਰੀ ਖਰੀਦ ਦੀ ਵਿਵਸਥਾ ਨੇ ਕਈ ਕਿਸਾਨਾਂ ਨੂੰ ਮੰਡੀ ਦੇ ਉਤਾਰ-ਚੜ੍ਹਾਅ ਤੋਂ ਕੁਝ ਹੱਦ ਤੱਕ ਸੁਰੱਖਿਆ ਦਿੱਤੀ ਹੈ। ਇੱਥੇ ਸਿੰਚਾਈ, ਮਸ਼ੀਨਰੀ ਅਤੇ ਖੇਤੀਬਾੜੀ ਦੇ ਬੁਨਿਆਦੀ ਢਾਂਚੇ ਦੀ ਪਹੁੰਚ ਵੀ ਕਈ ਹੋਰ ਖੇਤਰਾਂ ਨਾਲੋਂ ਬਿਹਤਰ ਹੈ। ਫਿਰ ਵੀ ਵਧਦੀਆਂ ਲਾਗਤਾਂ, ਪਾਣੀ ਦੀ ਘਾਟ ਅਤੇ ਕਰਜ਼ੇ ਦੀ ਸਮੱਸਿਆ ਇੱਥੇ ਵੀ ਮੌਜੂਦ ਹੈ।

ਬਿਹਾਰ, ਝਾਰਖੰਡ ਅਤੇ ਓਡੀਸ਼ਾ ਦੇ ਕਈ ਖੇਤਰਾਂ ਵਿੱਚ ਛੋਟੀ ਜ਼ਮੀਨ ਦੀ ਮਾਲਕੀ, ਸਿੰਚਾਈ ਦੀਆਂ ਸੀਮਾਵਾਂ, ਬਾਜ਼ਾਰ ਤੱਕ ਪਹੁੰਚ ਅਤੇ ਸਟੋਰੇਜ ਸਹੂਲਤਾਂ ਦੀ ਘਾਟ ਕਿਸਾਨਾਂ ਦੀ ਆਮਦਨ ਨੂੰ ਪ੍ਰਭਾਵਤ ਕਰਦੀ ਹੈ। ਇਨ੍ਹਾਂ ਰਾਜਾਂ ਵਿੱਚ ਕਿਸਾਨਾਂ ਦੀ ਸਥਿਤੀ ਸਾਰੇ ਖੇਤਰਾਂ ਵਿੱਚ ਇੱਕੋ ਜਿਹੀ ਨਹੀਂ, ਪਰ ਕਈ ਇਲਾਕਿਆਂ ਵਿੱਚ ਖੇਤੀ ਦੇ ਨਾਲ ਮਜ਼ਦੂਰੀ ਅਤੇ ਹੋਰ ਰੋਜ਼ਗਾਰ ਦੇ ਸਰੋਤਾਂ ਉੱਤੇ ਨਿਰਭਰਤਾ ਵਧੇਰੇ ਹੈ।

ਮਹਾਰਾਸ਼ਟਰ ਦੇ ਪੂਰਬੀ ਖੇਤਰ ਵਿਦਰਭ ਅਤੇ ਮਰਾਠਵਾੜਾ ਵਰਗੇ ਖੇਤਰਾਂ ਵਿੱਚ ਬੇਮੌਸਮੇ ਮੀਂਹ, ਪਾਣੀ ਦੀ ਕਮੀ ਅਤੇ ਕਪਾਹ ਵਰਗੀਆਂ ਫ਼ਸਲਾਂ ਦੀ ਆਮਦਨ ਵਿੱਚ ਉਤਾਰ-ਚੜ੍ਹਾਅ ਕਿਸਾਨਾਂ ਲਈ ਵੱਡੀ ਚੁਣੌਤੀ ਹਨ। ਉੱਤਰ-ਪੂਰਬੀ ਰਾਜਾਂ ਵਿੱਚ ਫਲਾਂ, ਮਸਾਲਿਆਂ ਅਤੇ ਬਾਗਬਾਨੀ ਦੀਆਂ ਫ਼ਸਲਾਂ ਦੇ ਮੌਕੇ ਹਨ, ਪਰ ਪਹਾੜੀ ਭੂਗੋਲ, ਆਵਾਜਾਈ ਦੇ ਖ਼ਰਚੇ ਅਤੇ ਬਾਜ਼ਾਰਾਂ ਤੱਕ ਪਹੁੰਚ ਦੀਆਂ ਮੁਸ਼ਕਲਾਂ ਕਿਸਾਨਾਂ ਦੇ ਮੁਨਾਫ਼ੇ ਨੂੰ ਪ੍ਰਭਾਵਤ ਕਰ ਸਕਦੀਆਂ ਹਨ। ਇਸ ਤੁਲਨਾ ਤੋਂ ਸਪੱਸ਼ਟ ਹੁੰਦਾ ਹੈ ਕਿ ਕਿਸਾਨੀ ਸੰਕਟ ਦਾ ਇੱਕੋ ਜਿਹਾ ਹੱਲ ਸਾਰੇ ਰਾਜਾਂ ਲਈ ਢੁਕਵਾਂ ਨਹੀਂ ਹੋ ਸਕਦਾ। ਹਰ ਖੇਤਰ ਦੀ ਮਿੱਟੀ, ਪਾਣੀ, ਮੌਸਮ, ਫ਼ਸਲਾਂ ਅਤੇ ਬਾਜ਼ਾਰਾਂ ਨੂੰ ਧਿਆਨ ਵਿੱਚ ਰੱਖ ਕੇ ਨੀਤੀਆਂ ਬਣਾਉਣ ਦੀ ਲੋੜ ਹੈ।

ਕਿਸਾਨਾਂ ਦੇ ਨਿੱਜੀ ਕਰਜ਼ੇ ਅਤੇ ਪੰਜਾਬ ਸਰਕਾਰ ਦੇ ਸਰਕਾਰੀ ਕਰਜ਼ੇ ਨੂੰ ਵੱਖ-ਵੱਖ ਸਮਝਣਾ ਜ਼ਰੂਰੀ ਹੈ। ਦੋਵੇਂ ਆਰਥਿਕ ਦਬਾਅ ਨਾਲ ਜੁੜੇ ਹੋ ਸਕਦੇ ਹਨ, ਪਰ ਉਨ੍ਹਾਂ ਦੇ ਸਰੋਤ, ਭੁਗਤਾਨ ਦੀਆਂ ਵਿਵਸਥਾਵਾਂ ਅਤੇ ਅਸਰ ਵੱਖਰੇ ਹਨ। ਪੰਜਾਬ ਸਰਕਾਰ ਉੱਤੇ ਕਰਜ਼ੇ ਦਾ ਵਧਦਾ ਬੋਝ ਸੂਬੇ ਦੇ ਬਜਟ ਲਈ ਚੁਣੌਤੀ ਬਣ ਸਕਦਾ ਹੈ, ਕਿਉਂਕਿ ਕਰਜ਼ੇ ਦੇ ਵਿਆਜ ਅਤੇ ਮੂਲ ਰਕਮ ਦੀ ਅਦਾਇਗੀ ਲਈ ਵੱਡੇ ਸਰੋਤਾਂ ਦੀ ਲੋੜ ਪੈਂਦੀ ਹੈ।

ਖ਼ੈਰ, ਇਸ ਸਭ ਦੇ ਵਿਚਾਲੇ ਸਵਾਲ ਇਹ ਉੱਠਦਾ ਹੈ ਕਿ ਕਿਸਾਨਾਂ ਦੀ ਆਮਦਨ ਵਧਾਉਣ ਲਈ ਕੀ ਕੀਤਾ ਜਾਵੇ? ਕਿਸਾਨੀ ਸੰਕਟ ਦੇ ਹੱਲ ਲਈ ਸਭ ਤੋਂ ਪਹਿਲਾਂ ਫ਼ਸਲਾਂ ਦੇ ਲਾਭਕਾਰੀ ਭਾਅ ਅਤੇ ਮੰਡੀ ਤੱਕ ਭਰੋਸੇਯੋਗ ਪਹੁੰਚ ਯਕੀਨੀ ਬਣਾਉਣੀ ਚਾਹੀਦੀ ਹੈ। ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦਾ ਲਾਭ ਕਿਹੜੀਆਂ ਫ਼ਸਲਾਂ ਅਤੇ ਕਿਹੜੇ ਕਿਸਾਨਾਂ ਤੱਕ ਅਸਲ ਵਿੱਚ ਪਹੁੰਚਦਾ ਹੈ, ਇਸ ਦਾ ਨਿਰਪੱਖ ਮੁਲਾਂਕਣ ਹੋਣਾ ਚਾਹੀਦਾ ਹੈ। ਜਿੱਥੇ ਸਰਕਾਰੀ ਖਰੀਦ ਸੀਮਤ ਹੈ, ਉੱਥੇ ਬਿਹਤਰ ਮੰਡੀ ਪ੍ਰਬੰਧ, ਸਟੋਰੇਜ, ਪ੍ਰੋਸੈਸਿੰਗ ਅਤੇ ਕਿਸਾਨ ਉਤਪਾਦਕ ਸੰਸਥਾਵਾਂ ਰਾਹੀਂ ਕਿਸਾਨਾਂ ਨੂੰ ਵਧੇਰੇ ਵਿਕਲਪ ਦਿੱਤੇ ਜਾ ਸਕਦੇ ਹਨ।

ਦੂਜਾ, ਫ਼ਸਲੀ ਵਿਭਿੰਨਤਾ ਨੂੰ ਸਿਰਫ਼ ਨਾਅਰੇ ਤੱਕ ਸੀਮਤ ਨਹੀਂ ਰੱਖਣਾ ਚਾਹੀਦਾ। ਜੇਕਰ ਕਿਸਾਨ ਕਣਕ ਅਤੇ ਝੋਨੇ ਦੀ ਥਾਂ ਦਾਲਾਂ, ਤੇਲ ਬੀਜਾਂ, ਸਬਜ਼ੀਆਂ ਜਾਂ ਹੋਰ ਫ਼ਸਲਾਂ ਵੱਲ ਜਾਣ, ਤਾਂ ਉਨ੍ਹਾਂ ਲਈ ਖਰੀਦ, ਭੰਡਾਰਨ, ਪ੍ਰੋਸੈਸਿੰਗ ਅਤੇ ਬਾਜ਼ਾਰ ਦੀ ਵਿਵਸਥਾ ਵੀ ਹੋਣੀ ਚਾਹੀਦੀ ਹੈ। ਨਹੀਂ ਤਾਂ ਕਿਸਾਨ ਨਵੀਂ ਫ਼ਸਲ ਬੀਜਣ ਦਾ ਜੋਖ਼ਮ ਚੁੱਕਣ ਤੋਂ ਹਿਚਕਚਾਉਣਗੇ। ਤੀਜਾ, ਛੋਟੇ ਕਿਸਾਨਾਂ ਲਈ ਸਸਤਾ ਸੰਸਥਾਗਤ ਕਰਜ਼ਾ, ਫ਼ਸਲ ਬੀਮਾ, ਖੇਤੀ ਸੰਦਾਂ ਦੀ ਸਾਂਝੀ ਵਰਤੋਂ ਅਤੇ ਤਕਨੀਕੀ ਸਲਾਹ ਦੀ ਪਹੁੰਚ ਵਧਾਈ ਜਾਵੇ। ਪਸ਼ੂ ਪਾਲਣ, ਦੁੱਧ ਉਤਪਾਦਨ, ਮਧੂ-ਮੱਖੀ ਪਾਲਣ ਅਤੇ ਖੇਤੀ ਉਤਪਾਦਾਂ ਦੀ ਪ੍ਰੋਸੈਸਿੰਗ ਵਰਗੇ ਸਹਾਇਕ ਕਿੱਤੇ ਕਿਸਾਨ ਪਰਵਾਰਾਂ ਦੀ ਆਮਦਨ ਨੂੰ ਹੋਰ ਸਥਿਰ ਬਣਾ ਸਕਦੇ ਹਨ।

ਪੰਜਾਬ ਅਤੇ ਦੇਸ਼ ਦੇ ਕਿਸਾਨਾਂ ਨੂੰ ਆਰਥਕ ਤੌਰ 'ਤੇ ਮਜ਼ਬੂਤ ਕਰਨ ਲਈ ਅਜਿਹੀਆਂ ਨੀਤੀਆਂ ਦੀ ਲੋੜ ਹੈ, ਜੋ ਉਨ੍ਹਾਂ ਦੀ ਅਸਲ ਆਮਦਨ ਵਧਾਉਣ, ਖੇਤੀ ਦੇ ਜੋਖ਼ਮ ਘਟਾਉਣ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਕਰਨ। ਫ਼ਸਲਾਂ ਦੇ ਵਾਜਬ ਭਾਅ, ਸਮੇਂ ਸਿਰ ਮੁਆਵਜ਼ਾ, ਸਸਤਾ ਕਰਜ਼ਾ, ਫ਼ਸਲੀ ਵਿਭਿੰਨਤਾ ਅਤੇ ਪੇਂਡੂ ਰੋਜ਼ਗਾਰ ਦੇ ਮੌਕੇ ਇਸ ਦਿਸ਼ਾ ਵਿੱਚ ਅਹਿਮ ਕਦਮ ਹਨ। ਕਿਸਾਨ ਦੀ ਤਰੱਕੀ ਦਾ ਅਸਲ ਮਾਪਦੰਡ ਸਿਰਫ਼ ਵਧੇਰੇ ਪੈਦਾਵਾਰ ਜਾਂ ਵਧੀ ਹੋਈ ਵਿਕਰੀ ਨਹੀਂ, ਸਗੋਂ ਇਹ ਹੈ ਕਿ ਸਾਰੇ ਖ਼ਰਚੇ ਕੱਢਣ ਤੋਂ ਬਾਅਦ ਉਸ ਦੇ ਪਰਵਾਰ ਦੀ ਆਮਦਨ ਕਿੰਨੀ ਵਧੀ, ਕਰਜ਼ਾ ਕਿੰਨਾ ਘਟਿਆ ਅਤੇ ਜੀਵਨ ਕਿੰਨਾ ਸੁਰੱਖਿਅਤ ਹੋਇਆ। ਜਦੋਂ ਕਿਸਾਨ ਨੂੰ ਆਪਣੀ ਮਿਹਨਤ ਦਾ ਉਚਿਤ ਮੁੱਲ ਮਿਲੇਗਾ ਅਤੇ ਉਸ ਦਾ ਭਵਿੱਖ ਆਰਥਿਕ ਤੌਰ 'ਤੇ ਸੁਰੱਖਿਅਤ ਹੋਵੇਗਾ, ਤਦ ਹੀ ਖੇਤੀਬਾੜੀ ਦੀ ਤਰੱਕੀ ਦੇ ਦਾਅਵੇ ਅਸਲ ਅਰਥਾਂ ਵਿੱਚ ਸਫ਼ਲ ਮੰਨੇ ਜਾ ਸਕਣਗੇ।

# ਸੰਪਰਕ : 95698-20314

# ਰੱਬ ਤਾਂ ਤੇਰੇ ਅੰਦਰ ਬੰਦਿਆ !



ਗੁਰਜਿੰਦਰ ਸਿੰਘ ਸਾਹਦੜਾ

ਓਦਾਂ ਇੱਕ ਗੱਲ ਤਾਂ ਮੰਨਣੀ ਪਵੇਗੀ ਕਿ ਆਪਣੇ ਮੁਲਕ ਵਿੱਚ ਜਿੰਨੀਆਂ ਐਸ਼ਾਂ ਬਾਬੇ ਕਰਦੇ ਹਨ, ਲੀਡਰ ਵੀ ਨਹੀਂ ਕਰ ਸਕਦੇ। ਪਤੰਦਰ ਮੌਜਾਂ ਲੁੱਟਦੇ ਹਨ ਮੌਜਾਂ। ਮਣ-ਮਣ ਦੇ ਢਿੱਡ ਚੁੱਕੀ ਇਹੋ ਜਿਹੀਆਂ ਨਵੀਆਂ ਨਕੋਰ ਗੱਡੀਆਂ ਵਿੱਚ ਘੁੰਮਦੇ ਹਨ ਕਿ ਆਮ ਬੰਦਾ ਸਾਰੀ ਜ਼ਿੰਦਗੀ ਇਮਾਨਦਾਰੀ ਨਾਲ ਕੰਮ ਕਰਕੇ ਵੀ ਲੈਣੀ ਤਾਂ ਇੱਕ ਪਾਸੇ, ਐਦਾਂ ਦੀ ਗੱਡੀ ਰੱਖਣ ਬਾਰੇ ਸੋਚ ਵੀ ਨਹੀਂ ਸਕਦਾ। 30-35 ਲੱਖ ਤੋਂ ਹੇਠਾਂ ਵਾਲੀ ਵੱਲ ਤਾਂ ਦੇਖਦੇ ਤੱਕ ਨ੍ਹੀਂ ਵੱਡੇ ਰੱਬ ਦੇ ਦੂਤ। ਵੈਸੇ ਛੋਟੀ ਵਿੱਚ ਓਦਾਂ ਵੀ ਬੈਠਿਆ ਨਹੀਂ ਜਾਣਾ ਗੋਗੜ ਜੋ ਫਸ ਜਾਵੇਗੀ। ਨਾਲੇ ਊਂ ਵੀ ਕਿਹੜਾ ਕਮਾ ਕੇ ਲਾਉਣੇ ਹੋਏ।

ਇਸ ਤੋਂ ਅੱਗੇ ਜੇਕਰ ਇਹਨਾਂ ਦੀ ਵਿੱਦਿਅਕ ਯੋਗਤਾ ਦੀ ਗੱਲ ਕਰੀਏ ਤਾਂ ਨਾ ਹੀ ਪੁੱਛੋ ਤਾਂ ਵਧੀਆ। ਅੱਵਲ ਤਾਂ ਸਕੂਲ ਗਏ ਹੀ ਨਹੀਂ ਹੁੰਦੇ ਤੇ ਜੇ ਗਏ ਵੀ ਹੋਣ ਤਾਂ ਫੇਲ-ਫੂਲ ਹੋ ਕੇ ਵਿਚਾਲੇ ਹੀ ਹਟ ਜਾਂਦੇ ਹਨ। ਬਸ ਕੰਮ-ਚਲਾਊ ਚਾਰ ਕੁ ਧਰਮ ਦੀਆਂ ਗੱਲਾਂ ਸਿੱਖ ਲੈਂਦੇ ਹਨ, ਬਾਕੀ ਦੀਆਂ ਕੋਲੋਂ ਘੜ ਲੈਂਦੇ ਹਨ। ਉਸ ਤੋਂ ਬਾਅਦ ਕੋਈ ਚੱਲਿਆ-ਚਲਾਇਆ ਡੇਰਾ ਸਾਂਭ ਲੈਂਦੇ ਹਨ ਜਾਂ ਫਿਰ ਵਿਹਲੀ ਜਿਹੀ ਥਾਂ ਦੇਖ ਕੇ ਛੰਨ ਜਿਹੀ ਪਾ ਲੈਂਦੇ ਹਨ। ਉਸ ਤੋਂ ਬਾਅਦ ਚਾਰ ਕੁ ਇੱਟਾਂ ਰੱਖ ਕੇ ਨੀਂਹ ਪੱਥਰ ਰੱਖ ਲੈਂਦੇ ਹਨ। ਬਾਕੀ ਦਾ ਡੇਰਾ ਭਗਤ ਜਨ ਆਪ ਹੀ ਬਣਾ ਦਿੰਦੇ ਹਨ। ਕਿਸੇ ਨੂੰ ਕੋਈ ਸੇਵਾ ਤੇ ਕਿਸੇ ਨੂੰ ਕੋਈ। ਉਸ ਤੋਂ ਬਾਅਦ ਵਾਰੇ-ਨਿਆਰੇ। ਕਿਸੇ ਖਾਸ ਰੰਗ ਦਾ ਝੰਡਾ ਲਾ ਕੇ ਰਿੱਧੀਆਂ ਸਿੱਧੀਆਂ ਦੇ ਮਾਲਕ ਬਣ ਬਹਿੰਦੇ ਹਨ। ਆਮ ਲੋਕ ਤਾਂ ਇੱਕ ਪਾਸੇ ਵੱਡੇ-ਵੱਡੇ ਪੜ੍ਹੇ-ਲਿਖੇ ਅਫਸਰ ਵੀ ਟਾਈਆਂ ਨਾਲ ਬੂਟ ਸਾਫ ਕਰਦੇ ਹਨ ਤੇ ਬੀਬੀਆਂ ਅਲੱਗ ਤੋਂ ਲੱਤਾਂ ਘੁੱਟਦੀਆਂ ਹਨ।

ਸ਼ਰਧਾਲਆਂ ਦੀ ਗੱਲ ਕਰੀਏ ਤਾਂ ਇਨ੍ਹਾਂ ਦੇ ਜ਼ਿਆਦਾ ਸ਼ਰਧਾ-ਉੱਲੂ' ਹੁੰਦੇ ਹਨ 'ਮੁੰਡੇ' ਲੈਣ ਵਾਲੇ, ਜੋ ਇਹ ਤਕਰੀਬਨ ਸਾਰਿਆਂ ਨੂੰ ਹੀ ਦੇ ਦਿੰਦੇ ਹਨ। 50 ਫੀਸਦੀ ਦੇ ਤਾਂ ਵੈਸੇ ਹੀ ਹੋ ਜਾਂਦੇ ਹਨ, ਕੁਦਰਤ ਦਾ ਨਿਯਮ ਹੈ। ਵਡਿਆਈ ਇਹਨਾਂ ਨੂੰ ਮਿਲ ਜਾਂਦੀ ਹੈ। ਜਿਨ੍ਹਾਂ ਦੇ ਨਹੀਂ ਹੁੰਦੇ, ਸ਼ਰਮ ਦੇ ਮਾਰੇ ਚੁੱਪ ਵੱਟ ਜਾਂਦੇ ਹਨ। ਜਿਹਨਾਂ ਦੇ ਹੋ ਜਾਂਦੇ ਹਨ, ਉਹ ਸੁੱਖੀਆਂ ਹੋਈਆਂ ਸੁੱਖਾਂ ਦੀਆਂ ਸੌਗਾਤਾਂ ਨਾਲ ਡੇਰਾ ਭਰ ਜਾਂਦੇ ਹਨ। ਮਾਲ ਮਾਲਕਾਂ ਦਾ ਮਸ਼ੂਹਰੀ ਕੰਪਨੀ ਦੀ। ਬਾਬਿਆਂ ਦੀ ਜੈ-ਜੈ ਕਾਰ। ਰੋਜ਼ਾਨਾ ਹੀ ਖ਼ਬਰਾਂ ਵਿੱਚ ਕੋਈ ਨਾ ਕੋਈ ਕੇਸ ਸਾਹਮਣੇ ਆਉਂਦਾ ਹੈ, ਕਿਸੇ ਔਰਤ ਦੀ ਇੱਜ਼ਤ/ਆਬਰੂ ਲੁੱਟ ਹੋਣ ਦਾ, ਪਰ ਲੋਕਾਂ ਨੂੰ ਕੋਈ ਸ਼ਰਮ ਨਹੀਂ। ਖੁਦ ਇਕੱਲੀਆਂ ਔਰਤਾਂ ਨੂੰ ਡੇਰਿਆਂ ਵਿੱਚ ਭੇਜਦੇ ਹਨ।

ਨਾਮ ਜਪੋ, ਕਿਰਤ ਕਰੋ, ਵੰਡ ਛਕੋ ਲੋਕਾਂ ਨੂੰ ਹੀ ਕਹਿੰਦੇ ਹਨ। ਆਪ ਇਹ ਨਾ ਤਾਂ ਕੋਈ ਕੰਮ ਕਰਦੇ ਹਨ ਤੇ ਨਾ ਹੀ ਵੰਡ ਕੇ ਛਕਦੇ ਹਨ। ਸਭ ਕੁਝ ਡੇਰੇ ਦਾ ਤੇ ਡੇਰਾ ਕਿਹਦਾ ? ਆਖੋ । ਸਰਕਾਰਾਂ ਨੂੰ ਕੋਈ ਆਮਦਨ ਜਾਂ ਵਿੱਕਰੀ ਟੈਕਸ ਨਹੀਂ ਦੇਣਾ। ਬਹੁਤਿਆਂ ਦੀ ਤਾਂ ਗੱਡੀ ਤੇ ਨੰਬਰ ਪਲੇਟ ਵੀ ਨਹੀਂ ਹੁੰਦੀ ਬਸ ਮੋਟਾ ਜਿਹਾ ਕਾਰ ਸੇਵਾ ਲਿਖਿਆ ਹੁੰਦਾ ਹੈ ਤੇ ਜੇ ਹੁੰਦੀ ਵੀ ਹੈ ਤਾਂ ਲੱਖ ਤੋਂ ਘੱਟ ਦਾ ਨੰਬਰ ਨਹੀਂ ਹੁੰਦਾ ਉਪਰ। ਯਾਨੀ ਕਿ ਵੀ ਵੀ ਆਈ ਪੀ ਨੰਬਰ। ਪਹੁੰਚ ਦੀ ਗੱਲ ਕਰੀਏ ਤਾਂ ਵੱਡੇ-ਵੱਡੇ ਅਫਸਰਾਂ, ਨੇਤਾਵਾਂ ਤੇ ਮੰਤਰੀਆਂ ਤੱਕ। ਨਾ ਖਾਣ ਦੀ ਘਾਟ, ਨਾ ਪੀਣ ਦੀ ਤੇ ਨਾ ਹੀ ਪਹਿਨਣ ਦੀ। ਜਿਹੜੇ ਪੀਰਾਂ ਦੇ ਡੇਰੇ ਬਣਾ ਕੇ ਬੈਠੇ ਹਨ, ਉਹਨਾਂ ਦੇ ਤਾਂ ਟੌਰ-ਟੱਪੇ ਦਾ ਵੀ ਕੋਈ ਅੰਤ ਨ੍ਹੀਂ ਹੁੰਦਾ। ਛਾਪਾਂ, ਛੱਲੇ, ਮਾਲਾ ਤੇ ਹੋਰ ਪਤਾ ਨਹੀਂ ਕੀ-ਕੀ ਪਾਈ ਫਿਰਦੇ ਹਨ।

ਮੁੱਕਦੀ ਗੱਲ ਸਾਡਾ ਸੋਨੇ ਵਰਗਾ ਪੰਜਾਬ ਲੁੱਟ ਕੇ ਖਾ ਲਿਆ ਇਹਨਾਂ ਨਕਲੀ ਤੇ ਢੌਂਗੀ ਬਾਬਿਆਂ ਨੇ। ਕੁਝ ਮਾੜੀਆਂ ਸਰਕਾਰਾਂ ਨੇ ਡੋਬ ਦਿੱਤਾ। ਕੁਝ ਨਸ਼ਿਆਂ ਨੇ ਖਾ ਲਿਆ ਤੇ ਰਹਿੰਦੀ ਕਸਰ ਇਹਨਾਂ ਵੱਡੇ 'ਅੰਤਰਜਾਮੀਆਂ' ਨੇ ਕੱਢ ਦਿੱਤੀ। ਲੋਕੋ ਸਮਾਂ ਰਹਿੰਦਿਆਂ ਸਮਝ ਜਾਓ। ਕੁਝ ਨਹੀਂ ਹੈਗਾ ਇਹਨਾਂ ਕੋਲ। ਸਭ ਪਾਖੰਡ ਹੈ। ਇਹ ਲੋਕ ਤਾਂ ਆਪ ਵਿਗਿਆਨ ਦੀਆਂ ਕਾਢਾਂ 'ਤੇ ਨਿਰਭਰ ਹਨ। ਲੋਕਾਂ ਨੂੰ ਅਰਦਾਸਾਂ ਅਤੇ ਕਰਾਮਾਤਾਂ ਨਾਲ ਠੀਕ ਕਰਨ ਵਾਲੇ ਖ਼ੁਦ ਦਾ ਇਲਾਜ ਬਾਹਰਲੇ ਮੁਲਕਾਂ ਵਿੱਚ ਜਾ, ਵੱਡੇ-ਵੱਡੇ ਹਸਪਤਾਲਾਂ ਵਿੱਚ ਮਾਹਰ ਡਾਕਟਰਾਂ ਕੋਲੋਂ ਕਰਵਾਉਂਦੇ ਹਨ। ਜਿਹੜੇ ਆਪਣੀ ਰਾਖੀ ਲਈ ਸੀ ਸੀ ਟੀ ਵੀ ਕੈਮਰਿਆਂ ਤੇ ਨਿਰਭਰ ਹਨ, ਆਧੁਨਿਕ ਹਥਿਆਰਾਂ ਨਾਲ ਲੈਸ ਅੰਗ ਰੱਖਿਅਕ ਨਾਲ ਲਈ ਘੁੰਮਦੇ ਹਨ, ਤੁਹਾਡਾ ਕੀ ਬਚਾਅ ਕਰਨਗੇ? ਉਹੀ ਗੱਲ ਖ਼ੁਦ ਵਿਗਿਆਨ ਦੀਆਂ ਮੌਜਾਂ ਲੈਣੀਆਂ ਤੇ ਲੋਕਾਂ ਨੂੰ ਅੰਧ-ਵਿਸ਼ਵਾਸ ਵੇਚਣਾ।

# ਸੰਪਰਕ : 98153-02341

# ਹਕੂਮਤਾਂ ਜੈੱਨ-ਜ਼ੀ ਨੂੰ ਨਜ਼ਰਅੰਦਾਜ਼ ਕਰਨ ਦੀ ਗਲਤੀ ਨਾ ਕਰਨ

ਗੁਰਬਿੰਦਰ ਸਿੰਘ ਮਾਣਕ

ਹਰ ਦੇਸ਼, ਸਮਾਜ ਆਪਣੀ ਨੌਜਵਾਨੀ ਵਿਚੋਂ ਹੀ ਆਪਣਾ ਚੰਗਾ/ਮਾੜਾ ਭਵਿੱਖ ਤਲਾਸ਼ਦਾ ਹੈ। ਸਰੀਰਕ ਤੇ ਮਾਨਸਿਕ ਰੂਪ ਵਿਚ ਸਿਹਤਮੰਦ, ਸੂਝ-ਬੂਝ ਤੇ ਸਾਰਥਿਕ ਵਿਚਾਰਾਂ ਨੂੰ ਪ੍ਰਣਾਈ, ਨਸ਼ਿਆਂ ਤੋਂ ਰਹਿਤ ਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਵਾਲੀ ਨੌਜਵਾਨ ਸ਼ਕਤੀ ਦੇਸ਼ ਦਾ ਅਸਲ ਸਰਮਾਇਆ ਹੁੰਦੀ ਹੈ। ਅਸਲ ਸਥਿਤੀ ਇਹ ਹੈ ਕਿ ਇਸ ਪੀੜ੍ਹੀ, ਜਿਸ ਨੂੰ ਹੁਣ ਜੈੱਨ-ਜ਼ੀ ਨਾਲ ਸੰਬੋਧਨ ਕੀਤਾ ਜਾ ਰਿਹਾ ਹੈ, ਨੂੰ ਹੁਣ ਤੱਕ ਮਾਪਿਆਂ, ਅਧਿਆਪਕਾਂ, ਸਰਕਾਰਾਂ, ਸਿਆਸੀ ਪਾਰਟੀਆਂ ਤੇ ਗੱਲ ਕੀ ਸਮਾਜ ਨੇ ਵੀ ਅਣਗੌਲਿਆ ਕੀਤਾ ਹੋਇਆ ਹੈ। ਬਹੁਤ ਘੱਟ ਲੋਕ ਹਨ ਜਿਹੜੇ ਇਨ੍ਹਾਂ ਨੌਜਵਾਨਾਂ ਦੀ ਗੱਲ ਸਹਿਜਤਾ ਤੇ ਗੰਭੀਰਤਾ ਨਾਲ ਸੁਣਨ ਲਈ ਤਿਆਰ ਹਨ। ਵੱਡਿਆਂ ਵਲੋਂ ਇਨ੍ਹਾਂ ਨੂੰ ਬੇਸਮਝ ਕਹਿ ਕੇ ਛੁਟਿਆਉਣਾ ਬੇਹੱਦ ਮੰਦਭਾਗਾ ਹੈ। ਅਕਸਰ ਹੀ ਸਿਆਸੀ ਪਾਰਟੀਆਂ ਨੇ ਆਪਣੀਆਂ ਪਾਰਟੀਆਂ ਵਿਚ ਨੌਜਵਾਨ ਵਿੰਗ ਬਣਾਏ ਹੋਏ ਹਨ। ਇਹ ਵੀ ਕੇਵਲ ਵੋਟਾਂ ਲੈਣ ਤੱਕ ਹੀ ਸੀਮਤ ਹਨ।

ਸਿਆਸੀ ਪਾਰਟੀਆਂ ਬਹੁਤ ਘੱਟ ਨੌਜਵਾਨਾਂ ਨੂੰ ਵੱਡੀਆਂ ਜ਼ਿੰਮੇਵਾਰੀਆਂ ਦੇਣ ਲਈ ਤਿਆਰ ਹਨ। ਇਹ ਇਸ ਦੇਸ਼ ਦਾ ਦੁਖਾਂਤ ਹੈ ਕਿ ਕੇਂਦਰ ਸਰਕਾਰ ਤੋਂ ਲੈ ਕੇ ਰਾਜ ਸਰਕਾਰਾਂ ਤੱਕ ਹਰ ਪਾਰਟੀ ਦੀ ਬੁੱਢੀ ਲੀਡਰਸ਼ਿਪ ਹੀ ਰਾਜਭਾਗ ਦਾ ਆਨੰਦ ਮਾਣਦੀ ਹੈ। ਇਨ੍ਹਾਂ ਉੱਤੇ ਸੇਵਾ-ਮੁਕਤ ਹੋਣ ਦੀ ਕੋਈ ਸ਼ਰਤ ਹੀ ਲਾਗੂ ਨਹੀਂ ਹੁੰਦੀ।

ਆਮ ਤੌਰ 'ਤੇ ਕੇਂਦਰ ਸਰਕਾਰ ਸਮੇਤ ਰਾਜ ਸਰਕਾਰਾਂ ਨੌਜਵਾਨਾਂ ਦੀਆਂ ਮੰਗਾਂ ਸਬੰਧੀ ਕੋਈ ਗੱਲ ਕਰਨ ਲਈ ਤਿਆਰ ਹੀ ਨਹੀਂ ਹੁੰਦੀਆਂ। ਇਸ ਵਰਗ ਨੂੰ ਹੁਣ ਤੱਕ ਇਹੀ ਕਿਹਾ ਜਾਂਦਾ ਰਿਹਾ ਹੈ ਕਿ ਇਹ ਕਿਸੇ ਦੀ ਸੁਣਦੇ ਨਹੀਂ, ਇਹ ਮੋਬਾਇਲਾਂ ਦੇ ਗੁਲਾਮ ਹੋ ਗਏ ਹਨ। ਕਾਕਰੋਚ ਪਾਰਟੀ ਨਾਲ ਜੁੜੀ ਜੈੱਨ-ਜ਼ੀ ਨੇ ਆਪਣੇ ਅੰਦੋਲਨਾਂ ਨਾਲ ਇਹ ਸਾਬਤ ਕਰ ਦਿੱਤਾ ਹੈ ਕਿ ਹੁਣ ਕੋਈ ਵੀ ਹਕੂਮਤ ਇਨ੍ਹਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੀ। ਜਿਸ ਤਰ੍ਹਾਂ ਇਨ੍ਹਾਂ ਅੰਦੋਲਨਕਾਰੀਆਂ ਨੇ ਇੱਕਜੁੱਟ ਹੋ ਕੇ, ਸ਼ਾਂਤਮਈ ਰਹਿ ਕੇ ਆਪਣੇ ਵਿਚਾਰਾਂ ਦੀ ਸ਼ਕਤੀ ਨਾਲ ਸਰਕਾਰ ਦਾ ਜਬਰ ਸਹਿ ਕੇ ਹੰਕਾਰੀ ਹਕੂਮਤ ਨੂੰ ਝੁਕਣ ਲਈ ਮਜਬੂਰ ਕੀਤਾ, ਉਸ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ।

ਬਹੁਤ ਤਸੱਲੀ ਅਤੇ ਖੁਸ਼ੀ ਹੁੰਦੀ ਹੈ ਜਦੋਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਉੱਚ ਸਿਖਿਆ ਪ੍ਰਾਪਤ ਕਰਦੇ ਨੌਜਵਾਨ ਆਪਣੇ ਅਗਾਂਹਵਧੂ ਵਿਚਾਰਾਂ ਦੀ ਰੌਸ਼ਨੀ ਵਿਚ ਸਮਾਜ ਨੂੰ ਹੋਰ ਚੰਗੇਰਾ ਬਣਾਉਣ ਲਈ ਆਪਣੀ ਸਾਰਥਿਕ ਭੂਮਿਕਾ ਨਿਭਾਉਂਦੇ ਹਨ। ਕਿਤੇ ਵੀ ਕੁਝ ਗਲਤ ਵਾਪਰ ਰਿਹਾ ਹੋਵੇ, ਅਜਿਹੀ ਸੋਚ ਵਾਲੇ ਨੌਜਵਾਨ ਚੁੱਪ ਕਰਕੇ ਨਹੀਂ ਬੈਠਦੇ, ਸਗੋਂ ਗਲਤ ਵਰਤਾਰੇ ਵਿਰੁੱਧ ਆਪਣੀ ਆਵਾਜ਼ ਉਠਾਉਣਾ ਆਪਣਾ ਫਰਜ਼ ਸਮਝਦੇ ਹਨ।

ਨੌਜਵਾਨ ਸ਼ਕਤੀ ਦੇਸ਼ ਵਿਚ ਵੱਡੀ ਗਿਣਤੀ ਵਿਚ ਹੋਣ ਕਾਰਨ ਹਰ ਰਾਜਨੀਤਕ ਪਾਰਟੀ ਉਨ੍ਹਾਂ ਨੂੰ ਪਲੋਸਦੀ ਤਾਂ ਬਹੁਤ ਹੈ, ਪਰ ਹਕੀਕੀ ਤੌਰ 'ਤੇ ਬਹੁਤੇ ਦਾਅਵੇ ਹਵਾ ਵਿਚ ਹੀ ਲਟਕਦੇ ਰਹਿ ਜਾਂਦੇ ਹਨ। ਸਿਆਸੀ ਪਾਰਟੀਆਂ ਵੋਟਾਂ ਦੀ ਖਾਤਰ ਨੌਜਵਾਨਾਂ ਨਾਲ ਅਜਿਹੇ ਵਾਅਦੇ ਕਰਦੀਆਂ ਹਨ, ਜਿਨ੍ਹਾਂ ਦਾ ਉਨ੍ਹਾਂ ਦੇ ਜੀਵਨ ਨੂੰ ਉਪਯੋਗੀ ਤੇ ਸਾਰਥਿਕ ਬਣਾਉਣ ਵਿਚ ਕੋਈ ਭੂਮਿਕਾ ਨਹੀਂ ਹੁੰਦੀ। ਕਦੇ ਘਰ-ਘਰ ਰੁਜ਼ਗਾਰ ਦਾ ਵਾਅਦਾ, ਕਦੇ ਮੋਬਾਇਲ ਫੋਨਾਂ ਦਾ ਲਾਲਚ ਦੇ ਕੇ ਨੌਜਵਾਨਾਂ ਨੂੰ ਵਰਗਲਾਇਆ ਜਾਂਦਾ ਹੈ। ਅਸਲੀ ਮੁੱਦੇ ਵਿਚਾਰੇ ਹੀ ਨਹੀ ਜਾਂਦੇ। ਦਿੱਲੀ ਅਤੇ ਹੋਰ ਥਾਵਾਂ 'ਤੇ ਨੀਟ-ਪੇਪਰ ਲੀਕ ਹੋਣ ਸੰਬੰਧੀ ਗੰਭੀਰ ਮੁੱਦੇ ਪ੍ਰਤੀ ਨੌਜਵਾਨਾਂ ਦੇ ਗੁੱਸੇ ਨ ਸਰਕਾਰ ਵੱਲੋਂ ਅੰਦਲਨ ਨੂੰ ਲੀਹੋਂ ਲਾਹੁਣ ਦੀਆਂ ਸਭ ਚਾਲਾਂ ਅਸਫਲ ਕਰ ਦਿੱਤੀਆਂ। ਨੌਜਵਾਨਾਂ ਨੂੰ ਪੈਰੋਂ ਥੜਕਾਉਣ ਲਈ ਸਰਕਾਰ ਵਲੋਂ ਅੰਨ੍ਹਾ ਜਬਰ ਵੀ ਢਾਹਿਆ ਗਿਆ, ਪਾਣੀ ਦੀਆਂ ਤੇਜ਼ ਬੁਛਾੜਾਂ, ਅੰਨ੍ਹੇਵਾਹ ਵਰ੍ਹਦੀਆਂ ਲਾਠੀਆਂ, ਪੈਲੇਟ ਗੰਨਾਂ ਦੇ ਛਰਿਆਂ ਨਾਲ ਜ਼ਖਮੀ ਹੋ ਕੇ ਵੀ ਇਹ ਡੋਲੇ ਨਹੀਂ। ਦੇਸ਼ ਭਰ ਦੇ ਨੌਜਵਾਨਾਂ, ਸਮਾਜਿਕ ਕਾਰਕੁਨਾਂ, ਲੇਖਕਾਂ, ਪੱਤਰਕਾਰਾਂ ਤੇ ਹਰ ਸੰਵੇਦਨਸ਼ੀਲ ਮਨੁੱਖ ਨੇ ਇਨ੍ਹਾਂ ਨੌਜਵਾਨਾਂ ਦੇ ਹੱਕ ਵਿਚ ਆਵਾਜ਼ ਉਠਾਈ।

ਵੱਡੀ ਨੌਜਵਾਨ ਸ਼ਕਤੀ ਡਿਗਰੀਆਂ ਪ੍ਰਾਪਤ ਕਰਕੇ ਵੀ ਬੇਰੁਜ਼ਗਾਰੀ ਦਾ ਸੰਤਾਪ ਝੱਲਣ ਲਈ ਮਜਬੂਰ ਹੈ। ਸਰਕਾਰਾਂ ਝੂਠ-ਤੂਫਾਨ ਬੋਲ ਕੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਈ ਜਾਂਦੀਆਂ ਹਨ ਕਿ ਅਸੀਂ ਏਨੇ ਲੱਖ ਨੌਜਵਾਨਾਂ ਨੂੰ ਨੌਕਰੀਆਂ ਦੇ ਦਿੱਤੀਆਂ ਹਨ, ਪਰ ਜ਼ਮੀਨੀ ਹਕੀਕਤ ਕੁਝ ਹੋਰ ਹੀ ਹੈ। ਨੌਜਵਾਨੀ ਦਾ ਭਵਿੱਖ ਤਬਾਹ ਕਰਨ ਲਈ ਹਕੂਮਤਾਂ ਹੀ ਜ਼ਿੰਮੇਵਾਰ ਹਨ। ਅਨੇਕਾਂ ਵਾਰ ਨੀਟ-ਪੇਪਰ ਲੀਕ ਹੋਣੇ ਹਕੂਮਤ ਦੇ ਮੱਥੇ 'ਤੇ ਇਕ ਬਦਨੁਮਾ ਦਾਗ ਹੈ।

ਦੁਖਦਾਈ ਗੱਲ ਹੈ ਕਿ ਕਿ ਇਸ ਪ੍ਰਤੀ ਕੋਈ ਜਵਾਬਦੇਹੀ ਜਾਂ ਜ਼ਿੰਮੇਵਾਰੀ ਲੈਣ ਲਈ ਵੀ ਤਿਆਰ ਨਹੀਂ। ਕੋਚਿੰਗ ਸੈਂਟਰਾਂ ਦੀਆਂ ਮਹਿੰਗੀਆਂ ਫੀਸਾਂ ਭਰ ਕੇ ਵੀ ਨੌਜਵਾਨਾ ਦੇ ਪੱਲੇ ਕੁਝ ਨਹੀਂ ਪੈਂਦਾ। ਇਕ ਅਨੁਮਾਨ ਅਨੁਸਾਰ ਕੋਚਿੰਗ ਦਾ ਇਹ ਵਪਾਰ ਸਾਲਾਨਾ ਸੱਠ ਹਜ਼ਾਰ ਕਰੋੜ ਤੋਂ ਵੀ ਵੱਧ ਦਾ ਦੱਸਿਆ ਜਾ ਰਿਹਾ ਹੈ। ਸਰਕਾਰਾਂ ਤੇ ਸਿਖਿਆ-ਮਾਫੀਏ ਦੀ ਮਿਲੀ-ਭੁਗਤ ਨਾਲ ਇਹ ਬਹੁਤ ਵੱਡੇ ਵਪਾਰ ਦਾ ਰੂਪ ਧਾਰ ਚੁੱਕਾ ਹੈ। ਆਪਣੇ ਭਵਿੱਖ ਪ੍ਰਤੀ ਚਿੰਤਤ ਨੌਜਵਾਨ ਅੰਦੋਲਨ ਦੇ ਰਾਹ ਨਾ ਤੁਰਨ ਤਾਂ ਕੀ ਕਰਨ? ਜਿੰਨਾ ਜਬਰ ਸਰਕਾਰ ਇਨ੍ਹਾਂ ਅੰਦੋਲਨਕਾਰੀ ਨੌਜਵਾਨਾਂ 'ਤੇ ਢਾਅ ਰਹੀ ਹੈ, ਇਸ ਨਾਲ ਉਨ੍ਹਾਂ ਦੇ ਮਨ ਵਿਚ ਹੋਰ ਗੁੱਸਾ, ਜੋਸ਼ ਤੇ ਹਿੰਮਤ ਪੈਦਾ ਹੋ ਰਹੀ ਹੈ। ਸਭ ਤੋਂ ਸਾਰਥਿਕ ਗੱਲ ਇਹ ਹੈ ਕਿ ਇਹ ਨੌਜਵਾਨ ਵਰਗ ਸਭ ਤਰ੍ਹਾਂ ਦੇ ਧਾਰਮਿਕ, ਜਾਤ-ਪਾਤੀ ਤੇ ਅਮੀਰੀ-ਗਰੀਬੀ ਦੇ ਵਿਤਕਰਿਆਂ ਤੋਂ ਉੱਪਰ ਉੱਠ ਕੇ ਮੁੱਦਿਆਂ ਪ੍ਰਤੀ ਇਕਜੁੱਟ ਹੋ ਕੇ ਆਵਾਜ਼ ਬੁਲੰਦ ਕਰ ਰਿਹਾ ਹੈ।

ਜੇ ਤੁਸੀਂ ਆਲੇ-ਦੁਆਲੇ ਨਜ਼ਰ ਮਾਰ ਕੇ ਦੇਖੋ ਤਾਂ ਨਸ਼ਿਆਂ ਨੇ ਹਜ਼ਾਰਾਂ ਨੌਜਵਾਨਾਂ ਦੀ ਬਲੀ ਲੈ ਲਈ ਹੈ ਤੇ ਘਰਾਂ ਦੇ ਘਰ ਵਿਰਾਨੀ ਦੀ ਮੂੰਹ ਬੋਲਦੀ ਤਸਵੀਰ ਬਣੇ ਨਜ਼ਰ ਆ ਰਹੇ ਹਨ। ਇਸ ਦਾ ਕਾਰਨ ਵੀ ਹਕੂਮਤਾਂ ਵੱਲੋਂ ਸਿਰਜੀਆਂ ਨੀਤੀਆਂ ਹੀ ਹਨ। ਨੌਜਵਾਨਾਂ ਨੂੰ ਝੂਠੇ ਸਬਜ਼ਬਾਗ ਦਿਖਾ ਕੇ ਭਰਮਾਉਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਅਖਬਾਰਾਂ, ਸਾਹਿਤਕ ਪੁਸਤਕਾਂ, ਨਰੋਈ ਤੇ ਅਗਾਂਹਵਧੂ ਸੋਚ ਵਾਲੇ ਲੇਖਕਾਂ ਤੇ ਚਿੰਤਕਾਂ ਦੇ ਵਿਚਾਰਾਂ ਨੂੰ ਆਪਣੀ ਸੋਚ ਦਾ ਹਿੱਸਾ ਬਣਾ ਕੇ ਔਝੜੇ ਰਾਹਾਂ ਤੋਂ ਬਚਿਆ ਜਾ ਸਕਦਾ ਹੈ। ਸਿਆਸੀ ਦਲ, ਵਿਸ਼ੇਸ਼ ਤੌਰ 'ਤੇ ਚੋਣਾਂ ਸਮੇਂ ਆਪਣੇ ਸਵਾਰਥੀ ਹਿੱਤਾਂ ਲਈ ਨੌਜਵਾਨਾਂ ਨੂੰ ਕਈ ਤਰ੍ਹਾਂ ਦੇ ਸਬਜ਼-ਬਾਗ ਦਿਖਾਉਣ ਦਾ ਪ੍ਰਪੰਚ ਰਚਦੇ ਹਨ।ਯੂਨੀਵਰਸਿਟੀਆਂ, ਕਾਲਜਾਂ ਤੇ ਹੋਰ ਸਿੱਖਿਆ ਸੰਸਥਾਵਾਂ ਵਿਚ ਸਿਖਿਆ ਪ੍ਰਾਪਤ ਕਰਦੇ ਇਨ੍ਹਾਂ ਨੌਜਵਾਨਾਂ ਨੇ ਇਨ੍ਹਾਂ ਅੰਦੋਲਨਾਂ ਵਿਚ ਆਪਣੀ ਸੂਝ-ਸਮਝ ਤੇ ਪ੍ਰਤਿਭਾ ਦਾ ਸ਼ਾਨਦਾਰ ਮੁਜ਼ਾਹਰਾ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ ਤੇ ਹਕੂਮਤ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ। ਆਇਸਾ ਦੀ ਪ੍ਰਧਾਨ ਨੇਹਾ ਬੋਰਾ ਤੇ ਹੋਰ ਬਹੁਤ ਸਾਰੇ ਨੌਜਵਾਨ ਆਗੂਆਂ ਨੇ ਜਿਸ ਤਰ੍ਹਾਂ ਆਪਣੀ ਸਿਆਸੀ ਸੂਝ, ਲਿਆਕਤ ਤੇ ਬੁਲੰਦ ਹੌਸਲੇ ਦਾ ਪ੍ਰਗਟਾਵਾ ਕੀਤਾ ਹੈ, ਇਸ ਨੇ ਹਰ ਇਕ ਨੂੰ ਹੈਰਾਨ ਕਰ ਦਿੱਤਾ ਹੈ। ਨੌਜਵਾਨਾਂ ਨੂੰ ਵੀ ਇਹ ਸਮਝਣ ਦੀ ਲੋੜ ਹੈ ਕਿ ਜੇ ਤੁਹਾਡੇ ਆਪਣੇ ਵਿਚ ਕੋਈ ਸੂਝ-ਸਮਝ ਤੇ ਗੈਰਤ ਦਾ ਕਣ ਹੋਵੇ ਤਾਂ ਕੋਈ ਕਿਸੇ ਨੂੰ ਵਰਗਲਾਉਣ ਦੀ ਜੁਅਰਤ ਨਹੀਂ ਕਰ ਸਕਦਾ। ਆਪਣੇ ਆਪ ਨੂੰ ਪਛਾਣੋ ਤੇ ਉਨ੍ਹਾਂ ਸੂਰਬੀਰ ਬਹਾਦਰ ਯੋਧਿਆਂ, ਦੇਸ਼ ਭਗਤਾਂ ਦੀਆਂ ਕੁਰਬਾਨੀਆਂ,ਮਹਾਨ ਲੇਖਕਾਂ, ਚਿੰਤਕਾਂ ਤੇ ਦਾਨਿਸ਼ਵਰਾਂ ਦੇ ਵਿਚਾਰਾਂ ਨੂੰ ਆਪਣੀ ਜ਼ਿੰਦਗੀ ਦਾ ਆਦਰਸ਼ ਬਣਾਓ।

ਹਕੂਮਤਾਂ ਲਈ ਵੀ ਇਹ ਵੇਲਾ ਹੈ ਕਿ ਇਹ ਕੰਧ 'ਤੇ ਲਿਖਿਆ ਪੜ੍ਹ ਲੈਣ। ਨੌਜਵਾਨਾਂ ਨੂੰ ਨਜ਼ਰ-ਅੰਦਾਜ਼ ਕਰਨਾ ਤੇ ਉਨ੍ਹਾਂ ਦੀਆਂ ਮੰਗਾਂ ਵੱਲ ਕੋਈ ਕੰਨ ਨਾ ਧਰਨਾ ਹੁਣ ਉਨ੍ਹਾਂ ਨੂੰ ਬਹੁਤ ਮਹਿੰਗਾ ਪੈ ਸਕਦਾ ਹੈ। ਕਿਸੇ ਦੇਸ਼ ਦੀ ਅਸਲ ਤਾਕਤ ਉਥੋਂ ਦੇ ਨੌਜਵਾਨ ਹੀ ਹੁੰਦੇ ਹਨ। ਇਨ੍ਹਾਂ ਵੱਲੋਂ ਕੀਤੇ ਜਾ ਰਹੇ ਮੁਜ਼ਾਹਰਿਆਂ-ਰੈਲੀਆਂ ਨੂੰ ਤਾਕਤ ਤੇ ਤਸ਼ੱਦਦ ਦੀ ਵਰਤੋਂ ਕਰਕੇ ਦਬਾਉਣ ਦੀ ਨੀਤੀ ਬਹੁਤ ਖਤਰਨਾਕ ਹੈ। ਠਰ੍ਹੰਮੇ ਨਾਲ ਇਨ੍ਹਾਂ ਦੀ ਗੱਲ ਸੁਣਨੀ ਤੇ ਬਿਨਾਂ ਕਿਸੇ ਸਿਆਸੀ-ਚਾਲਬਾਜ਼ੀ ਦੇ ਉਸ 'ਤੇ ਅਮਲ ਕਰਨਾ ਬੇਹੱਦ ਜ਼ਰੂਰੀ ਹੈ। ਹਕੂਮਤ ਨੂੰ ਇਹ ਸਮਝਣ ਦੀ ਭੁੱਲ ਨਹੀਂ ਕਰਨੀ ਚਾਹੀਦੀ ਕਿ ਨੌਜਵਾਨ ਵਰਗ ਦਾ ਇਹ ਵਕਤੀ ਉਬਾਲ ਹੈ ਤੇ ਇਸ ਨੂੰ ਕਾਲੇ ਕਾਨੂੰਨਾਂ ਦੇ ਹਥਿਆਰ ਦੀ ਵਰਤੋਂ ਕਰਕੇ ਦਬਾਇਆ ਜਾ ਸਕਦਾ ਹੈ।

# ਸੰਪਰਕ : 98153-56086

